Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 68 | 17/07/2025 | www.samajweekly.com | samajweekly | @samajweekly | samajweekly

# ਸ੍ਰੀ ਹਰਿਮੰਦਰ ਸਾਹਿਬ ਵਿਚ ਬੰਬ ਹੋਣ ਬਾਰੇ ਪੰਜਵੀਂ ਵਾਰ ਆਈ ਈਮੇਲ

## ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਚਿੰਤਾ ਦਾ ਪ੍ਰਗਟਾਵਾ ਕੀਤਾ, ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ

**ਅੰਮ੍ਰਿਤਸਰ।** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਖੁਲਾਸਾ ਕੀਤਾ ਹੈ ਕਿ ਅੱਜ ਇੱਕ ਹੋਰ ਈਮੇਲ ਰਾਹੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਬੰਬ ਰੱਖੇ ਹੋਣ ਦੀ ਧਮਕੀ ਆਈ ਹੈ ਅਤੇ ਹੁਣ ਤੱਕ ਅਜਿਹੀਆਂ ਪੰਜ ਈਮੇਲ ਆ ਚੁੱਕੀਆ ਹਨ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ। ਉਨ੍ਹਾਂ ਨਿਰਾਸ਼ਾ ਪਰਗਟ ਕਰਦਿਆਂ ਕਿਹਾ ਕਿ ਹੁਣ ਤੱਕ ਇਸ ਮਾਮਲੇ ਵਿੱਚ ਡੂੰਘਾਈ ਨਾਲ ਜਾਂਚ ਨਹੀਂ ਕੀਤੀ ਗਈ ਅਤੇ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਈਮੇਲ ਕਿੱਥੋਂ ਅਤੇ ਕਿਸ ਵੱਲੋਂ ਭੇਜੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਹੁਣ ਆਈਆਂ ਈਮੇਲ ਵਿੱਚ ਪੰਜਾਬ ਦੇ ਮੁੱਖ ਮੰਤਰੀ ਅਤੇ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ ਵੀ ਨਾਲ ਐਡ ਕੀਤਾ ਗਿਆ ਹੈ, ਪਰ ਇਸ ਦੇ ਬਾਵਜੂਦ ਸਰਕਾਰ ਨੇ ਚੁੱਪ ਧਾਰੀ ਹੋਈ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਕੀ ਇਹ ਗੁਰੂ ਘਰ ਬਾਰੇ ਸੰਗਤ ਨੂੰ ਭੈਭੀਤ ਕਰਨ ਅਤੇ ਡਰਾਉਣ ਦੀ ਸਾਜਿਸ਼ ਹੈ ,ਤਾਂ ਜੋ ਗੁਰੂ ਘਰ ਵਿਖੇ ਸੰਗਤ ਦੀ ਆਮਦ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਇਸ ਵੇਲੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਸੰਗਤ ਗੁਰੂ ਘਰ ਵਿਖੇ ਨਤਮਸਤਕ ਹੋਣ ਪੁੱਜਦੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਪੱਧਰ ਤੇ ਵੀ ਇਹ ਆ ਰਹੀਆਂ ਈਮੇਲ ਦਾ



ਸਰੋਤ ਪਤਾ ਕਰਨ ਲਈ ਯਤਨ ਕੀਤੇ ਗਏ ਹਨ, ਇਹ ਵੱਖ ਵੱਖ ਜਾਅਲੀ ਆਈਪੀ ਐਡਰੈਸ ਤੋਂ ਭੇਜੀ ਜਾ ਰਹੀ ਹੈ। ਇੱਕ ਈਮੇਲ ਕੇਰਲਾ ਦੇ ਸੀਐਮ ਅਤੇ ਇੱਕ ਸਾਬਕਾ ਚੀਫ ਜਸਟਿਸ ਦੇ ਆਈਪੀ ਐਡਰੈਸ ਤੋਂ ਭੇਜੀ ਗਈ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਪੱਧਰ ਤੇ ਸੁਰੱਖਿਆ ਦੇ ਮੱਦੇ ਨਜ਼ਰ ਲੋੜੀਦੇ ਪ੍ਰਬੰਧ ਕੀਤੇ ਗਏ ਹਨ ਅਤੇ ਚੌਕਸੀ ਵੀ ਵਰਤੀ ਜਾ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਸਮਾਨ ਦੀ ਜਾਂਚ ਕਰਨ ਵਾਲੇ ਸਕੈਨਰ ਸਥਾਪਿਤ ਕਰਨ ਦੀ ਯੋਜਨਾ ਬਣਾਈ ਜਾ ਰਹੀ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸ਼ਨ ਨੂੰ ਮੁੜ ਅਪੀਲ ਕੀਤੀ ਕਿ ਅਜਿਹੀਆਂ ਈਮੇਲਜ਼ ਭੇਜਣ ਵਾਲੇ ਦਾ ਜਲਦ ਪਤਾ ਲਗਾਇਆ ਜਾਵੇ।ਉਧਰ ਸ੍ਰੀ ਹਰਿਮੰਦਰ ਸਾਹਿਬ ਵਿੱਚ ਬੰਬ ਹੋਣ ਬਾਰੇ ਧਮਕੀ ਈਮੇਲ ਭੇਜੇ ਜਾਣ ਦੇ ਮਾਮਲੇ ਤੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਰਾਜ ਸਭਾ ਮੈਂਬਰ ਅਤੇ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸ਼ਵੇਤ ਮਲਿਕ ਨੇ ਇੱਥੇ ਸ਼੍ਰੋਮਣੀ ਕਮੇਟੀ ਦਫਤਰ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮਿਲਣ ਵਾਸਤੇ ਆਏ ਸਨ। ਇਸ ਮੌਕੇ ਭਾਜਪਾ ਆਗੂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਮੁਲਾਕਾਤ ਕਰਕੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਵੱਲੋਂ ਕੀਤੇ ਗਏ ਚਿੰਤਾ ਦੇ ਪ੍ਰਗਟਾਵੇ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦਾ ਵੀ ਭਰੋਸਾ ਦਿੱਤਾ ਹੈ।

# ਬੰਗਾਲੀ ਬੋਲਦੇ ਲੋਕਾਂ ਖ਼ਿਲਾਫ਼ ਧੱਕੇਸ਼ਾਹੀ: ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਹੇਠ ਪ੍ਰਦਰਸ਼ਨ

## ਭਾਜਪਾ ਸ਼ਾਸਿਤ ਸੂਬਿਆਂ ਵਿੱਚ ਬੰਗਾਲੀਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਲਾਏ

**ਕੋਲਕਾਤਾ।** ਪੱਛਮੀ ਬੰਗਾਲ ਦੇ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਅਭਿਸ਼ੇਕ ਬੈਨਰਜੀ ਤੇ ਹੋਰਨਾਂ ਪਾਰਟੀਆਂ ਦੇ ਆਗੂਆਂ ਨੇ ਵੱਡੇ ਪੱਧਰ ’ਤੇ ਭਾਜਪਾ-ਸ਼ਾਸਿਤ ਸੂਬਿਆਂ ਵਿੱਚ ਬੰਗਾਲੀ ਭਾਸ਼ਾ ਬੋਲਣ ਵਾਲੇ ਲੋਕਾਂ ਖਿਲਾਫ਼ ਧੱਕੇਸ਼ਾਹੀ ਨੂੰ ਲੈ ਕੇ ਅੱਜ ਨੂੰ ਕੋਲਕਾਤਾ ਵਿਚ ਪ੍ਰਦਰਸ਼ਨ ਕੀਤਾ। ਰੋਸ ਪ੍ਰਦਰਸ਼ਨ ਵਿਚ ਸੀਨੀਅਰ ਆਗੂ, ਸੰਸਦ ਮੈਂਬਰ ਤੇ ਪਾਰਟੀ ਵਰਕਰ ਸ਼ਾਮਲ ਹੋਏ, ਜਿਨ੍ਹਾਂ ਸੂਬੇ ਤੋਂ ਬਾਹਰ ਰਹਿੰਦੇ ਬੰਗਾਲੀਆਂ ਦੇ ਹੱਕ ਵਿੱਚ ਮਜ਼ਬੂਤੀ ਨਾਲ ਖੜ੍ਹਨ ਦਾ ਅਹਿਦ ਦੁਹਰਾਇਆ।

ਤ੍ਰਿਣਮੂਲ ਕਾਂਗਰਸ ਨੇ ਆਪਣੇ ਐਕਸ ਅਕਾਊਂਟ ’ਤੇ ਇਕ ਪੋਸਟ ’ਚ ਲਿਖਿਆ, “ਭਾਜਪਾ ਦਾ ਬੰਗਾਲੀ ਪਛਾਣ ’ਤੇ ਹਮਲਾ ਹੁਣ ਲੁਕਿਆ ਨਹੀਂ ਰਿਹਾ, ਇਹ ਬੇਰਹਿਮ, ਜਾਣਬੁਝ ਕੇ ਨਫ਼ਰਤ ਨਾਲ ਭਰਪੂਰ ਹੈ। ਮਮਤਾ ਬੈਨਰਜੀ ਅਤੇ ਅਭਿਸ਼ੇਕ ਬੈਨਰਜੀ ਦੀ ਅਗਵਾਈ ਵਿੱਚ ਅੱਜ ਸੜਕਾਂ ’ਤੇ ਉੱਤਰ ਕੇ ਰੋਸ ਪ੍ਰਗਟਾਇਆ। ਇਸ ਤਰ੍ਹਾਂ ਦੀ ਧੱਕੇਸ਼ਾਹੀ ਦਾ ਵਿਰੋਧ ਕੀਤਾ ਜਾਵੇਗਾ।’’ ਪਾਰਟੀ ਨੇ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਰਹਿੰਦੇ ਬੰਗਾਲੀਆਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ।

ਪਾਰਟੀ ਨੇ ਦਾਅਵਾ ਕੀਤਾ ਕਿ ਡਬਲ-ਇੰਜਣ ਸਰਕਾਰਾਂ ਵਾਲੇ ਸੂਬਿਆਂ ਵਿੱਚ ਭੋਲੇ-ਭਾਲੇ ਬੰਗਾਲੀ ਪਰਵਾਸੀ ਕਾਮਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਾਰਟੀ ਨੇ ਦੋਸ਼ ਲਾਇਆ ਕਿਵਭ ਮਤੂਆਂਵਭ ਭਾਈਚਾਰੇ ਨਾਲ ਸਬੰਧਤ 6 ਮੈਂਬਰ, ਜਿਨ੍ਹਾਂ ਵਿੱਚ ਨਾਬਾਲਗ ਵੀ ਸ਼ਾਮਲ ਹਨ, ਨੂੰ ਮਹਾਰਾਸ਼ਟਰ ਪੁਲੀਸ ਵੱਲੋਂ ਪਹਿਚਾਣ ਪੱਤਰਾਂ ਦੇ



ਬਾਵਜੂਦ ਤੰਗ-ਪ੍ਰੇਸ਼ਾਨ ਕੀਤਾ ਗਿਆ। ਪਾਰਟੀ ਨੇ ਦਾਅਵਾ ਕੀਤਾ ਕਿ ਪੁਖ਼ਤਾ ਪਛਾਣ ਪੱਤਰ ਤੇ ਪ੍ਰਮਾਣਿਕ ਆਈਡੀ ਹੋਣ ਦੇ ਬਾਵਜੂਦ ਦਿੱਲੀ ਦੀ ਜੈ-ਹਿੰਦ ਕਲੋਨੀ ਵਿੱਚ ਰਹਿਣ ਵਾਲੇ ਬੰਗਾਲੀ ਲੋਕਾਂ ਨੂੰ ਤੰਗ ਪ੍ਰੇਸ਼ਾਨ ਤੇ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ। ਤ੍ਰਿਣਮੂਲ ਕਾਂਗਰਸ ਨੇ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਦੇ ਉਸ ਬਿਆਨ ਦੀ ਨਿੰਦਾ ਕੀਤੀ ਜਿਸ ਵਿਚ ਉਨ੍ਹਾਂ ਕਿਹਾ ਕਿ ‘‘ਜਨਗਣਨਾ ਦਸਤਾਵੇਜ਼ਾਂ ਵਿੱਚ ਬੰਗਾਲੀ ਨੂੰ ਮਾਤ ਭਾਸ਼ਾ ਵਜੋਂ ਲਿਖਣ ਨਾਲ ਅਸਾਮ ਵਿੱਚ ਵਿਦੇਸ਼ੀਆਂ ਦੀ ਗਿਣਤੀ ਦਾ ਪਤਾ ਲੱਗ ਜਾਵੇਗਾ।’’ ਤ੍ਰਿਣਮੂਲ ਕਾਂਗਰਸ ਨੇ ਆਪਣੇ ਐਕਸ ਹੈਂਡਲ ’ਤੇ ਲਿਖਿਆ, ‘‘ਬੰਗਾਲੀ ਦੁਨੀਆ ਦੀ ਸਭ ਤੋਂ ਵਧੇਰੇ ਬੋਲੀ ਜਾਣ ਵਾਲੀ ਸੱਤਵੀਂ ਭਾਸ਼ਾ ਹੈ, ਤੇ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਬੰਗਾਲੀ ਬੋਲਣ ਵਾਲੇ ਭਾਰਤੀਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ, ਬੰਗਾਲੀਆਂ ਨੂੰ ‘ਗ਼ੈਰ-ਕਾਨੂੰਨੀ ਬੰਗਲਾਦੇਸ਼ੀ’ ਕਹਿਣ ’ਤੇ ਮੁੱਖ ਮੰਤਰੀ ਨੂੰ ਹਿਮੰਤ ਬਿਸਵਾ ਸਰਮਾ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।

ਉਧਰ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਤ੍ਰਿਣਮੂਲ ਕਾਂਗਰਸ ’ਤੇ ਬੰਗਲਾਦੇਸ਼ੀ ਮੁਸਲਮਾਨਾਂ ਦੀ ਘੁਸਪੈਠ ਵਿਰੁੱਧ ਉਨ੍ਹਾਂ ਦੀ ਸਰਕਾਰ ਦੇ ਸਖ਼ਤ ਰੁਖ਼ ਨੂੰ ਬੰਗਾਲੀ ਵਿਰੋਧੀ ਵਜੋਂ ਪੇਸ਼ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਇਹ ਕਥਿਤ ਕੋਸ਼ਿਸ਼ ਗੁਆਂਢੀ ਦੇਸ਼ ਦੇ ਮੁਸਲਿਮ ਘੁਸਪੈਠੀਆਂ ਨੂੰ ਬਚਾਉਣ ਲਈ ਇੱਕ ਨਿਰਾਸ਼ਾਜਨਕ ਚਾਲ ਤੋਂ ਛੁੱਟ ਕੁਝ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸਾਮ ਮੁਸਲਸਲ ਬੰਗਲਾਦੇਸ਼ੀ ਮੁਸਲਮਾਨਾਂ ਦੀ ਘੁਸਪੈਠ ਵਿਰੁੱਧ ਜੰਗ ਲੜ ਰਿਹਾ ਹੈ ਤੇ ਤ੍ਰਿਣਮੂਲ ਕਾਂਗਰਸ ਦੀ ਇਹ ਰੈਲੀ 2026 ਵਿੱਚ ਹੋਣ ਵਾਲੀਆਂ ਸੂਬਾਈ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਘੇਰਨ ਲਈ ਭਾਵਨਾਤਮਕ ਮੁੱਦੇ ਦੀ ਵਰਤੋਂ ਕਰਨ ਦੀ ਇੱਕ ਕੋਸ਼ਿਸ਼ ਹੈ।

# ਭ੍ਰਿਸ਼ਟਾਚਾਰ ਮਾਮਲੇ 'ਚ ਗ੍ਰਿਫ਼ਤਾਰ ਵਿਧਾਇਕ ਰਮਨ ਅਰੋੜਾ ਦੇ ਪੁੱਤਰ ਦੀ ਨਹੀਂ ਹੋਵੇਗੀ ਗ੍ਰਿਫ਼ਤਾਰੀ

**ਚੰਡੀਗੜ੍ਹ।** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭ੍ਰਿਸ਼ਟਾਚਾਰ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਵਿਧਾਇਕ ਰਮਨ ਅਰੋੜਾ ਦੇ ਪੁੱਤਰ ਰਾਜਨ ਅਰੋੜਾ ਨੂੰ ਰਾਹਤ ਦਿੱਤੀ ਹੈ, ਜੋ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਗੌੜਾ ਹੈ। ਅਦਾਲਤ ਨੇ ਰਾਜਨ ਅਰੋੜਾ ਦੀ ਗ੍ਰਿਫ਼ਤਾਰੀ 'ਤੇ 24 ਸਤੰਬਰ ਤੱਕ ਰੋਕ ਲਗਾ ਦਿੱਤੀ ਹੈ। ਇਹ ਰਾਹਤ ਉਸ ਸਮੇਂ ਮਿਲੀ ਹੈ ਜਦੋਂ ਵਿਜੀਲੈਂਸ ਬਿਊਰੋ ਨੇ ਰਾਜਨ ਅਰੋੜਾ ਵਿਰੁੱਧ ਲੁੱਕਆਊਟ ਸਰਕੂਲਰ (LOC) ਜਾਰੀ ਕੀਤਾ ਸੀ, ਅਤੇ ਉਸ ਦੇ ਦੁਬਈ ਵਿਚ ਲੁਕੇ ਹੋਣ ਦੀ ਸੰਭਾਵਨਾ ਸੀ। ਜਾਣਕਾਰੀ ਅਨੁਸਾਰ ਹਾਈ ਕੋਰਟ ਨੇ ਰਾਜਨ ਅਰੋੜਾ ਨੂੰ ਜਾਂਚ ਵਿੱਚ ਪੂਰਾ ਸਹਿਯੋਗ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਦੇ ਇਸ ਹੁਕਮ ਤੋਂ ਬਾਅਦ, ਰਾਜਨ ਅਰੋੜਾ ਨੂੰ ਹੁਣ ਜਾਂਚ ਵਿੱਚ ਸ਼ਾਮਲ ਹੋਣਾ ਪਵੇਗਾ। ਇਸ ਤੋਂ ਪਹਿਲਾਂ ਵਿਜੀਲੈਂਸ ਜਾਂਚ ਵਿੱਚ ਖੁਲਾਸਾ ਹੋਇਆ ਸੀ ਕਿ ਰਾਜਨ



ਅਰੋੜਾ ਗ੍ਰਿਫ਼ਤਾਰੀ ਤੋਂ ਬਚਣ ਲਈ ਦੁਬਈ ਵਿੱਚ ਲੁਕਿਆ ਹੋਇਆ ਸੀ। LOC ਜਾਰੀ ਹੋਣ ਤੋਂ ਬਾਅਦ ਵਿਦੇਸ਼ ਤੋਂ ਵਾਪਸੀ 'ਤੇ ਉਸ ਦੀ ਗ੍ਰਿਫ਼ਤਾਰੀ ਦੀ ਸੰਭਾਵਨਾ ਵੱਧ ਗਈ ਸੀ, ਪਰ ਹੁਣ ਹਾਈ ਕੋਰਟ ਦੇ ਹੁਕਮਾਂ ਕਾਰਨ ਉਸ ਨੂੰ ਅਸਥਾਈ ਰਾਹਤ ਮਿਲੀ ਹੈ। ਇਹ ਘਟਨਾਕ੍ਰਮ ਉਦੋਂ ਸਾਹਮਣੇ ਆਇਆ ਜਦੋਂ ਵਿਧਾਇਕ ਰਮਨ ਅਰੋੜਾ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਰਾਜੂ ਮਦਾਨ ਦੀਆਂ ਜ਼ਮਾਨਤ ਪਟੀਸ਼ਨਾਂ ਪਿਛਲੇ ਸ਼ੁੱਕਰਵਾਰ ਨੂੰ ਅਦਾਲਤ ਵਿੱਚ ਰੱਦ ਕਰ ਦਿੱਤੀਆਂ ਗਈਆਂ। ਉਦੋਂ ਤੋਂ, ਵਿਜੀਲੈਂਸ ਬਿਊਰੋ ਫ਼ਰਾਰ ਮੁਲਜ਼ਮਾਂ ਨੂੰ ਫੜਨ ਲਈ ਲਗਾਤਾਰ ਛਾਪੇਮਾਰੀ ਕਰ ਰਹੀ ਹੈ।


## CHANGE OF NAME

I, **HARMANJOT SINGH** S/O Mr Gurnam Singh whose permanent address in India is V.P.O Chak Dana, Shaheed Bhagat Singh Nagar, Punjab, India and is now living at 310 Lythalls Lane, Coventry, CV6 6GA, UK hereby gives notice of my intention to change my name to **HARMAN BOLA** subject to the approval of The High Commission of India, London.


# ਜ਼ਮੀਨੀ ਵਿਵਾਦ ਨੇ ਲਿਆ ਹਿੰਸਕ ਰੂਪ, ਭਰਾ ਨੇ ਭਰਾ ਦੇ ਪਰਿਵਾਰ 'ਤੇ ਕਾਰ ਚੜ੍ਹਾ ਦਿੱਤੀ, ਤਿੰਨ ਲੋਕ ਜ਼ਖ਼ਮੀ

**ਮੋਗਾ।** ਮੋਗਾ ਜ਼ਿਲ੍ਹੇ ਦੇ ਪਿੰਡ ਗੱਟੀ ਜੱਟਾਂ ਵਿੱਚ ਕੁਝ ਸਮੇਂ ਤੋਂ ਚੱਲ ਰਹੇ ਜ਼ਮੀਨੀ ਵਿਵਾਦ ਨੇ ਅੱਜ ਹਿੰਸਕ ਰੂਪ ਲੈ ਲਿਆ, ਜਦੋਂ ਇੱਕ ਭਰਾ ਨੇ ਆਪਣੀ ਕਾਰ ਆਪਣੇ ਹੀ ਭਰਾ, ਭਾਬੀ ਅਤੇ ਭਤੀਜੀ 'ਤੇ ਚੜ੍ਹਾ ਦਿੱਤੀ। ਤਿੰਨਾਂ ਨੂੰ ਜ਼ਖ਼ਮੀ ਹਾਲਤ 'ਚ ਮੋਗਾ ਦੇ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਧਰਮਕੋਟ ਥਾਣੇ ਦੀ ਪੁਲਿਸ ਨੇ ਪਰਿਵਾਰ ਦੇ ਬਿਆਨਾਂ 'ਤੇ ਪਤੀ-ਪਤਨੀ ਦੋਵਾਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਲੜਕੀ ਦੇ ਗੰਭੀਰ ਸੱਟਾਂ ਕਾਰਨ ਉਸਨੂੰ ਮੋਗਾ ਦੇ ਸਰਕਾਰੀ ਹਸਪਤਾਲ ਤੋਂ ਰੈਫਰ ਕਰ ਦਿੱਤਾ ਗਿਆ ਹੈ। ਹੁਣ ਲੜਕੀ ਦਾ ਇਲਾਜ ਮੋਗਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਚੱਲ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਦਿਲਬਾਗ ਸਿੰਘ, ਜੋ ਕਿ ਮੋਗਾ 'ਚ ਵਕੀਲ ਹੈ, ਦਾ ਆਪਣੇ ਭਰਾ ਬਲਵਿੰਦਰ ਸਿੰਘ ਨਾਲ 3.5 ਏਕੜ ਜ਼ਮੀਨ ਨੂੰ ਲੈ ਕੇ ਲੰਬੇ ਸਮੇਂ ਤੋਂ ਝਗੜਾ ਚੱਲ ਰਿਹਾ ਸੀ। ਬਲਵਿੰਦਰ ਸਿੰਘ ਦਾ ਦੋਸ਼ ਹੈ ਕਿ ਵਕੀਲ ਦਿਲਬਾਗ ਸਿੰਘ ਨੇ ਧੋਖਾਧੜੀ ਨਾਲ ਜ਼ਮੀਨ ਆਪਣੇ ਪਿਤਾ ਤੋਂ ਵਸੀਅਤ ਕਰਵਾਈ ਸੀ। ਜਦੋਂ ਉਸਨੂੰ ਇਸ ਬਾਰੇ ਪਤਾ ਲੱਗਾ ਤਾਂ ਉਸਨੇ ਪਰਿਵਾਰਕ ਗੱਲਬਾਤ ਰਾਹੀਂ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ, ਪਰ ਦਿਲਬਾਗ ਸਿੰਘ ਨੇ ਗੱਲ ਕਰਨ ਤੋਂ ਇਨਕਾਰ ਕਰ



ਦਿੱਤਾ। ਬਲਵਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੇ ਭਰਾ ਨੂੰ ਜ਼ਮੀਨ ਦੀ ਵਾਜਬ ਕੀਮਤ ਦੇਣ ਲਈ ਤਿਆਰ ਹੈ, ਪਰ ਦਿਲਬਾਗ ਸਿੰਘ ਜ਼ਮੀਨ ਕਿਸੇ ਤੀਜੀ ਧਿਰ ਨੂੰ ਵੇਚਣਾ ਚਾਹੁੰਦਾ ਸੀ। ਕੱਲ੍ਹ ਜਦੋਂ ਬਲਵਿੰਦਰ ਨੇ ਰਿਸ਼ਤੇਦਾਰਾਂ ਦੀ ਮੌਜੂਦਗੀ ਵਿੱਚ ਇਸ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਦਿਲਬਾਗ ਸਿੰਘ ਗੁੱਸੇ ਵਿੱਚ ਆ ਗਿਆ ਅਤੇ ਘਰ ਦੇ ਬਾਹਰ ਖੜ੍ਹੇ ਆਪਣੇ ਭਰਾ ਦੇ ਪਰਿਵਾਰਕ ਮੈਂਬਰਾਂ ਉੱਤੇ ਆਪਣੀ ਕਾਰ ਚੜ੍ਹਾ ਦਿੱਤੀ, ਜਿਸ ਕਾਰਨ ਉਸਦਾ ਭਰਾ, ਭਰਜਾਈ ਅਤੇ ਧੀ ਗੰਭੀਰ ਜ਼ਖ਼ਮੀ ਹੋ ਗਏ।

# ਛੁੱਟੀ 'ਤੇ ਆਏ ਫ਼ੌਜੀ ਦੀ ਚਿੱਟੇ ਨੇ ਲਈ ਜਾਨ





**ਸ੍ਰੀ ਚਮਕੌਰ ਸਾਹਿਬ ।** ਚਮਕੌਰ ਸਾਹਿਬ ਪੁਲਿਸ ਨੂੰ ਪਿੰਡ ਖੋਖਰਾਂ ਦੇ ਖੇਡ ਸਟੇਡੀਅਮ ਵਿੱਚ ਪਾਣੀ ਦੀ ਟੈਂਕੀ ਦੇ ਨੇੜੇ ਖੜੀ ਸਵਿਫਟ ਕਾਰ ਵਿੱਚੋਂ ਇੱਕ ਨੌਜਵਾਨ ਦੀ ਲਾਸ਼ ਬਰਾਮਦ ਹੋਈ। ਥਾਣਾ ਮੁਖੀ ਗੁਰਪ੍ਰੀਤ ਸਿੰਘ ਅਤੇ ਏਐਸਆਈ ਨਰਿੰਦਰਪਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਸੀ ਕਿ ਪਿੰਡ ਖੋਖਰਾਂ ਦੇ ਖੇਡ ਸਟੇਡੀਅਮ ਵਿੱਚ ਸਵਿਫਟ ਕਾਰ ਪੀਬੀ 71 ਏ 9679 ਖੜੀ ਹੈ, ਜਿਸ ਦੀ ਡਰਾਇਵਰ ਸੀਟ ਤੇ ਨੌਜਵਾਨ ਮ੍ਰਿਤਕ ਹਾਲਤ ਵਿੱਚ ਪਿਆ ਹੈ । ਉਨ੍ਹਾਂ ਦੱਸਿਆ ਕਿ ਜਦੋਂ ਮੌਕੇ ਤੇ ਜਾਂਚ ਪੜਤਾਲ ਕੀਤੀ ਤਾਂ ਮ੍ਰਿਤਕ ਦੀ ਪਛਾਣ ਕੁਲਜੀਤ ਸਿੰਘ (28) ਪੁੱਤਰ ਅਰਜਨ ਸਿੰਘ ਵਾਸੀ ਪਿੰਡ ਫਤਿਹਗੜ੍ਹ ਵੀਰਾਨ ਵਜੋਂ ਹੋਈ ।.ਉਨਾ ਦੱਸਿਆ ਕਿ ਮ੍ਰਿਤਕ ਨੌਜਵਾਨ 2017 ਵਿੱਚ ਫੌਜ ਚ ਭਰਤੀ ਹੋਇਆ ਸੀ , ਜਿਸ ਦੀ ਡਿਊਟੀ ਕੋਟਾ ਰਾਜਸਥਾਨ ਵਿੱਚ ਸੀ ਅਤੇ ਉਹ ਚਾਰ ਪੰਜ ਦਿਨ ਪਹਿਲਾਂ ਹੀ ਛੁੱਟੀ ਤੇ ਆਇਆ ਸੀ। ਮ੍ਰਿਤਕ ਦੀ ਪਤਨੀ ਅਤੇ ਪਿਤਾ ਪੁਲਿਸ ਮੁਲਾਜ਼ਮ ਹਨ, ਜਿਨ੍ਹਾਂ ਦੀ ਡਿਊਟੀ ਜਲੰਧਰ ਵਿਖੇ ਹੈ । ਮ੍ਰਿਤਕ ਦੇ ਪਿਤਾ ਅਰਜਨ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਕੁਲਜੀਤ ਸਿੰਘ ਬੀਤੇ ਕੱਲ੍ਹ ਚਾਰ ਵਜੇ ਘਰੋਂ ਚਮਕੌਰ ਸਾਹਿਬ ਨੂੰ ਨਵੇਂ ਕੱਪੜੇ ਲੈਣ ਗਿਆ ਸੀ ਜਿਸ ਦਾ ਬਾਅਦ ਵਿੱਚ ਕੋਈ ਪਤਾ ਨਹੀਂ ਲੱਗਾ, ਜਿਸ ਤੇ ਪਰਿਵਾਰਕ ਮੈਂਬਰ ਸਾਰੀ ਰਾਤ ਲੱਭਦੇ ਰਹੇ ਪਰ ਅੱਜ ਪਿੰਡ ਖੋਖਰਾਂ ਦੇ ਖੇਡ ਸਟੇਡੀਅਮ ਵਿੱਚ ਗੱਡੀ ਖੜੀ ਦੇਖੀ ਅਤੇ ਜਦੋਂ ਗੱਡੀ ਦੇ ਕੋਲ ਜਾ ਕੇ ਦੇਖਿਆ ਤਾਂ ਡਰਾਈਵਰ ਸੀਟ ਉੱਤੇ ਉਸ ਦੇ ਪੁੱਤਰ ਦੀ ਲਾਸ਼ ਪਈ ਸੀ। ਪੁਲੀਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।


ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


# ਪੰਜਾਬ ਸਰਕਾਰ ਨੇ ਸਾਰੇ ਜ਼ਿਲ੍ਹਿਆਂ 'ਚ ਭਿਖਾਰੀਆਂ ਦੇ ਡੀਐਨਏ ਟੈਸਟ ਕਰਵਾਉਣ ਦੇ ਦਿੱਤੇ ਹੁਕਮ

**ਚੰਡੀਗੜ੍ਹ।** ਪੰਜਾਬ ਸਰਕਾਰ ਦੇ ਵੱਲੋਂ ਸੂਬੇ ਦੇ ਸਾਰੇ ਡੀਸੀਜ਼ ਨੂੰ ਸਖ਼ਤ ਹੁਕਮ ਜਾਰੀ ਕਰਦਿਆਂ ਹੋਇਆ ਭੀਖ ਮੰਗਣ ਵਾਲੇ ਬੱਚਿਆਂ ਦੇ ਡੀਐਨਏ ਟੈਸਟ ਕਰਵਾਉਣ ਲਈ ਕਿਹਾ ਹੈ। ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਨੇ ਕਿਹਾ ਹੈ ਕਿ ਪੰਜਾਬ ਵਰਗੇ ਸੂਬੇ ਦੇ ਵਿੱਚ ਵੀ ਇਹੋ ਜਿਹਾ (ਬੱਚਿਆਂ ਤੋਂ ਭੀਖ ਮੰਗਣ) ਕੰਮ ਹੋਵੇ, ਤਾਂ ਫਿਰ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਅੱਗੇ ਆਈਏ ਅਤੇ ਏਨਾ ਮਾਸੂਮ ਜ਼ਿੰਦਗੀਆਂ ਨੂੰ ਬਚਾਈਏ। ਇਹ ਫੈਸਲਾ ਲਿਆ ਕਿ ਜਿਹੜੇ ਵੀ ਬੱਚੇ ਇਸ ਤਰ੍ਹਾਂ ਅਡਲਟ ਦੇ ਨਾਲ ਪਾਏ ਜਾਂਦੇ ਨੇ ਤਾਂ ਅਸੀਂ ਉਹਨਾਂ ਦਾ ਡੀਐਨਏ ਟੈਸਟ ਕਰਵਾਵਾਂਗੇ ਅਤੇ ਇਸ ਬਾਰੇ ਅਸੀਂ ਪੰਜਾਬ ਦੇ ਸਾਰੇ ਧਛਸ ਨੂੰ ਵੀ ਆਰਡਰ ਕਰ ਦਿੱਤੇ ਹਨ। ਡਾਕਟਰ ਬਲਜੀਤ ਕੌਰ ਨੇ ਦੱਸਿਆ ਕਿ ਭੀਖ ਮੰਗਣ




ਵਾਲੇ ਬੱਚਿਆਂ ਦਾ ਡੀਐਨਏ ਟੈਸਟ ਹੋਏਗਾ, ਫਿਰ ਸਾਡੀਆਂ ਜੋ ਚਾਇਲਡ ਵੈਲਫੇਅਰ ਕਮੇਟੀਆਂ ਬਣੀਆਂ ਨੇ, ਉੱਥੇ ਏਨਾਂ ਬੱਚਿਆਂ ਨੂੰ ਲੈ ਕੇ ਜਾਵਾਂਗੇ। ਡੀਐਨਏ ਟੈਸਟ ਤੋਂ ਬਾਅਦ ਉਹਨਾਂ ਨੂੰ ਬਾਲ ਘਰਾਂ 'ਚ ਰੱਖਾਂਗੇ ਤੇ ਜਿਹੜੇ ਲੋਕ ਹਨ, ਜੋ ਆਪਣੇ ਆਪ ਏਨਾਂ ਬੱਚਿਆਂ ਦੇ ਮਾਪੇ ਹੋਣ ਦਾ ਦਾਅਵਾ ਕਰਦੇ ਹਨ, ਉਹਨਾਂ ਨੂੰ ਅਸੀਂ ਉਨੀ ਦੇਰ ਤੱਕ ਨਾਲ ਰੱਖਾਂਗੇ, ਜਿੰਨੀ ਦੇਰ ਤੱਕ ਡੀਐਨਏ ਟੈਸਟ ਦੀ ਰਿਪੋਰਟ ਨਹੀਂ ਆ ਜਾਂਦੀ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਾਕਿਸਤਾਨ ਲਈ ਜਾਸੂਸੀ ਦੇ ਸ਼ੱਕ ’ਚ ਭਾਰਤੀ ਫੌਜ ਦਾ ਜਵਾਨ ਗ੍ਰਿਫ਼ਤਾਰ, ਫੌਜ ਦੀ ਜਾਣਕਾਰੀ ਕਰਦਾ ਸੀ ਸਾਂਝੀ

**ਚੰਡੀਗੜ੍ਹ।** ਪਾਕਿਸਤਾਨ ਲਈ ਜਾਸੂਸੀ ਦੇ ਸ਼ੱਕ ’ਚ ਭਾਰਤੀ ਫੌਜ ਦਾ ਜਵਾਨ ਗ੍ਰਿਫ਼ਤਾਰ, ਫੌਜ ਦੀ ਜਾਣਕਾਰੀ ਕਰਦਾ ਸੀ ਸਾਂਝੀ ਪਾਕਿਸਤਾਨ ਲਈ ਜਾਸੂਸੀ ਦੇ ਸ਼ੱਕ ’ਚ ਭਾਰਤੀ ਫੌਜ ਦਾ ਜਵਾਨ ਗ੍ਰਿਫ਼ਤਾਰ, ਫੌਜ ਦੀ ਜਾਣਕਾਰੀ ਕਰਦਾ ਸੀ ਸਾਂਝੀ ਫੁਨਜਓਬ ਫੋਲਿਚਏ 'ੲਾਸ : 14 ਜੁਲਾਈ ਨੂੰ ਮੋਹਾਲੀ ਪੁਲਿਸ ਨੇ ਜੰਮੂ-ਕਸ਼ਮੀਰ ਤੋਂ ਫੜਿਆ

ਫੁਨਜਓਬ ਫੋਲਿਚਏ 'ੲਾਸਂ ਨ ਫੁਨਜਓਬਿ : ਪੰਜਾਬ ਪੁਲਿਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ ਵਿੱਚ ਇੱਕ ਭਾਰਤੀ ਫੌਜ ਦੇ ਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਦਵਿੰਦਰ ਸਿੰਘ, ਵਾਸੀ ਪਿੰਡ ਨਿਹਾਲਗੜ੍ਹ, ਸ਼ਾਦੀਹਾਰੀ, ਜ਼ਿਲ੍ਹਾ ਸੰਗਰੂਰ ਵਜੋਂ ਹੋਈ ਹੈ। ਉਸਨੂੰ ਜੰਮੂ-ਕਸ਼ਮੀਰ ਦੇ ਉੜੀ, ਜ਼ਿਲ੍ਹਾ ਬਾਰਾਮੂਲਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਗ੍ਰਿਫ਼ਤਾਰੀ ਸਾਬਕਾ ਸਿਪਾਹੀ ਗੁਰਪ੍ਰੀਤ ਸਿੰਘ ਉਰਫ਼ ਫੌਜੀ ਤੋਂ ਪੁੱਛਗਿੱਛ ਦੇ ਆਧਾਰ 'ਤੇ ਕੀਤੀ ਗਈ ਹੈ, ਜਿਸਨੂੰ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਆਈਐਸਆਈ ਨਾਲ ਜੁੜੇ ਲੋਕਾਂ ਨੂੰ ਫੌਜ ਨਾਲ ਸਬੰਧਤ ਗੁਪਤ ਜਾਣਕਾਰੀ ਦਿੰਦਾ ਸੀ। ਜੇਲ੍ਹ ਤੋਂ ਵੀ ਪ੍ਰਾਪਤ ਕਰਦਾ ਸੀ ਜਾਣਕਾਰੀ




14 ਜੁਲਾਈ ਨੂੰ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਫਿਰੋਜ਼ਪੁਰ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਇੱਕ ਸਾਬਕਾ ਸਿਪਾਹੀ ਨੂੰ ਗ੍ਰਿਫ਼ਤਾਰ ਕੀਤਾ ਸੀ। ਜਦੋਂ ਉਸ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸਨੇ ਕਬੂਲ ਕੀਤਾ ਕਿ ਉਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਦੇ ਲੋਕਾਂ ਦੇ ਸੰਪਰਕ ਵਿੱਚ ਸੀ। ਨਾਲ ਹੀ, ਉਹ ਉਨ੍ਹਾਂ ਨਾਲ ਫੌਜ ਨਾਲ ਸਬੰਧਤ ਜਾਣਕਾਰੀ ਸਾਂਝੀ ਕਰਦਾ ਸੀ। ਉਸਨੇ ਦੱਸਿਆ ਸੀ ਕਿ ਉਹ ਫੌਜ ਵਿੱਚ ਕਈ ਥਾਵਾਂ 'ਤੇ ਰਹਿ ਚੁੱਕਾ ਹੈ। ਜਿੱਥੇ ਉਸ ਦੇ ਫੌਜ ਦੇ ਲੋਕਾਂ ਨਾਲ ਚੰਗੇ ਸਬੰਧ ਹਨ। ਉਸਨੂੰ ਜੇਲ੍ਹ ਤੋਂ ਹੀ ਉਨ੍ਹਾਂ ਤੋਂ ਜਾਣਕਾਰੀ ਮਿਲਦੀ ਹੈ। ਇਸ ਤੋਂ ਬਾਅਦ, ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਤੋਂ ਬਾਅਦ, ਜਦੋਂ ਜਾਂਚ ਅੱਗੇ ਵਧੀ, ਤਾਂ ਇਹ ਗ੍ਰਿਫਤਾਰੀ ਕੀਤੀ ਗਈ ਹੈ।

**ਦੋਵੇਂ ਸਿਖਲਾਈ ਦੌਰਾਨ ਮਿਲੇ ਸਨ, ਕਈ ਥਾਵਾਂ 'ਤੇ ਇਕੱਠੇ ਰਹੇ ਹਨ**

ਦਵਿੰਦਰ ਤੋਂ ਸ਼ੁਰੂਆਤੀ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਉਹ ਅਤੇ ਗੁਰਪ੍ਰੀਤ ਦੋਵੇਂ ਸਾਲ 2017 ਵਿੱਚ ਇੱਕ ਦੂਜੇ ਦੇ ਸੰਪਰਕ ਵਿੱਚ ਆਏ ਸਨ, ਜਦੋਂ ਦੋਵੇਂ ਪੁਣੇ ਸਥਿਤ ਆਰਮੀ ਟ੍ਰੇਨਿੰਗ ਕੈਂਪ ਵਿੱਚ ਸਿਖਲਾਈ ਲੈ ਰਹੇ ਸਨ ਅਤੇ ਉਦੋਂ ਤੋਂ ਇੱਕ ਦੂਜੇ ਨੂੰ ਜਾਣਦੇ ਹਨ। ਉਨ੍ਹਾਂ ਨੇ ਸਿੱਕਮ ਅਤੇ ਜੰਮੂ-ਕਸ਼ਮੀਰ ਵਿੱਚ ਆਪਣੀ ਸੇਵਾ ਦੌਰਾਨ ਵੱਖ-ਵੱਖ ਫੌਜੀ ਕੰਮਾਂ ਵਿੱਚ ਇਕੱਠੇ ਕੰਮ ਕੀਤਾ ਹੈ। ਸੇਵਾ ਦੌਰਾਨ, ਦੋਵਾਂ ਨੂੰ ਫੌਜ ਦੀ ਗੁਪਤ ਸਮੱਗਰੀ ਵਾਲੇ ਦਸਤਾਵੇਜ਼ ਮਿਲੇ, ਜੋ ਗੁਰਪ੍ਰੀਤ ਸਿੰਘ ਉਰਫ ਗੁਰੀ ਉਰਫ ਫੌਜੀ ਨੇ ਪਾਕਿਸਤਾਨ ਦੀ ਆਈਐਸਆਈ ਨੂੰ ਲੀਕ ਕੀਤੇ ਸਨ। ਦਵਿੰਦਰ ਸਿੰਘ ਦੀ ਭੂਮਿਕਾ ਅੱਗੇ ਦੀ ਜਾਂਚ ਦੌਰਾਨ ਨਿਰਣਾਇਕ ਤੌਰ 'ਤੇ ਸਥਾਪਿਤ ਕੀਤੀ ਜਾਵੇਗੀ।

## ਟੇਸਲਾ ਨੇ ਭਾਰਤ ’ਚ ਲਾਂਚ ਕੀਤੀ ਆਪਣੀ ਪਹਿਲੀ ਇਲੈਕਟ੍ਰਿਕ ਕਾਰ

**ਨਵੀਂ ਦਿੱਲੀ।** ਭਾਰਤ ’ਚ ਆਪਣੇ ਪਹਿਲੇ ਸ਼ੋਅਰੂਮ ਦੀ ਸ਼ੁਰੂਆਤ ਦੇ ਨਾਲ ਟੇਸਲਾ ਨੇ ਦੇਸ਼ ‘ਚ ਆਪਣੀ ਪਹਿਲੀ ਇਲੈਕਟ੍ਰਿਕ ਕਾਰ ਮਾਡਲ ਵਾਈ ਲਾਂਚ ਕੀਤੀ ਹੈ। ਕੰਪਨੀ ਨੇ ਇਸ ਕਾਰ ਦੀ ਕੀਮਤ ਲਗਭਗ 60 ਲੱਖ ਰੁਪਏ (ਐਕਸ-ਸ਼ੋਰੂਮ) ਰੱਖੀ ਹੈ। ਟੇਸਲਾ ਦਾ ਪਹਿਲਾ ਸ਼ੋਅਰੂਮ ਮੁੰਬਈ ’ਚ ਬਾਂਦਰਾ ਕੁਰਲਾ ਕੰਪਲੈਕਸ (ਬੀਕੇਸੀ) ਦੇ ਮੈਕਸਿਟੀ ਮਾਲ ’ਚ ਖੁੱਲ੍ਹਿਆ ਹੈ। ਜਾਣਕਾਰੀ ਮੁਤਾਬਕ ਗਾਹਕਾਂ ਨੂੰ ਇਸ ਕਾਰ ਦੀ ਡਿਲੀਵਰੀ ਇਸ ਸਾਲ ਸਤੰਬਰ ਤੱਕ ਸ਼ੁਰੂ ਹੋ ਜਾਵੇਗੀ।



ਕੰਪਨੀ ਦੀ ਅਧਿਕਾਰਤ ਵੈੱਬਸਾਈਟ ਦੇ ਮੁਤਾਬਕ ਮੁੰਬਈ, ਦਿੱਲੀ ਅਤੇ ਗੁਰੂਗ੍ਰਾਮ ਲਈ ਮਾਡਲ ਦੀ ਬੁਕਿੰਗ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰਤ ਵੈੱਬਸਾਈਟ ਦੇ ਮੁਤਾਬਕ ਗਾਹਕਾਂ ਨੂੰ ਇਸ ਕਾਰ ਦੇ ਫੁੱਲ-ਸੈਲਫ ਡਰਾਈਵਿੰਗ ਵੇਰੀਐਂਟ ਲਈ ਵੱਖਰੇ ਤੌਰ ‘ਤੇ 6 ਲੱਖ ਰੁਪਏ ਦੇਣੇ ਪੈਣਗੇ।

ਇਸ ਇਲੈਕਟ੍ਰਿਕ ਕਾਰ ਨੂੰ ਦੋ ਵੱਖ-ਵੱਖ ਵੇਰੀਐਂਟਾਂ ‘ਚ ਪੇਸ਼ ਕੀਤਾ ਗਿਆ ਹੈ ਲੌਂਗ ਰੇਂਜ ਆਲ ਵ੍ਹੀਲ ਡਰਾਈਵ ਅਤੇ ਲੌਂਗ ਰੇਂਜ ਰੀਅਰ ਵ੍ਹੀਲ ਡਰਾਈਵ। ਇਸਦੇ ਵੇਰੀਐਂਟ ‘ਚ ਇੱਕ ਸਿੰਗਲ ਇਲੈਕਟ੍ਰਿਕ ਮੋਟਰ ਹੈ, ਜੋ ਲਗਭਗ 295 ਦੀ ਪਾਵਰ ਅਤੇ 420 ਦਾ ਟਾਰਕ ਪੈਦਾ ਕਰਦੀ ਹੈ। ਇਸਦੀ ਪ੍ਰਮਾਣਿਤ ਰੇਂਜ 500 ਕਿਲੋਮੀਟਰ ਦੱਸੀ ਜਾਂਦੀ ਹੈ। ਕਾਰ ਨੂੰ 0 ਤੋਂ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਫੜਨ ‘ਚ ਸਿਰਫ਼ 5.6 ਸਕਿੰਟ ਲੱਗਦੇ ਹਨ।

ਲੰਬੀ ਰੇਂਜ ਵਾਲੇ ਵੇਰੀਐਂਟ ਦੀ ਗੱਲ ਕਰੀਏ ਤਾਂ ਇਸਦੀ ਪ੍ਰਮਾਣਿਤ ਡਰਾਈਵਿੰਗ ਰੇਂਜ 622 ਕਿਲੋਮੀਟਰ ਹੈ। ਇਸ ਦੇ ਨਾਲ ਹੀ, ਇਸਦਾ ਮੋਟਰ 384 ਪਾਵਰ ਅਤੇ 510 ਟਾਰਕ ਪੈਦਾ ਕਰਦਾ ਹੈ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਤਿੰਨ ਰੋਜਾ ਜੋੜ ਮੇਲੇ ਦੌਰਾਨ 15 ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਗਏ

**ਕਪੂਰਥਲਾ (ਕੌੜਾ)–** ਟਿੱਬਾ ਸੜਕ ਤੇ ਨਵੇਂ ਬਣੇ ਦਰਬਾਰ ਪੀਰ ਬਾਬਾ ਸ਼ਾਹ ਹੁਸੈਨ ਜੀ ਦੇ ਤਿੰਨ ਰੋਜਾ ਜੋੜ ਮੇਲੇ ਦੇ ਪਹਿਲੇ ਦਿਨ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਅਰਦਾਸ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਪੀਰ ਬਾਬਾ ਸਾਹ ਹੁਸੈਨ ਦੇ ਦਰਬਾਰ ਦੇ ਗੱਦੀ ਨਸੀਨ ਬਾਬਾ ਸੁਖਜੀਤ ਸਿੰਘ ਜੋਗੀ, ਨਸੀਬ ਸਿੰਘ ਏ ਐਸ ਆਈ, ਬਲਜਿੰਦਰ ਸਿੰਘ ਯੂ. ਕੇ. ਮਾਤਾ ਸੁਰਿੰਦਰ ਕੌਰ, ਧਰਮਪਤਨੀ ਕੁਲਵੰਤ ਕੌਰ, ਪੁੱਤਰ ਜਸ਼ਨਪ੍ਰੀਤ ਸਿੰਘ ਸਮੁਚੇ ਪਰਵਾਰ ਨੇ ਸਵ. ਕਾਮਰੇਡ ਨਰਿੰਜਨ ਸਿੰਘ ਦੀ ਯਾਦ ਵਿਚ ਹਰ ਸਾਲ ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਜਾਂਦੇ ਹਨ। ਇਸ ਸਾਲ ਵੀ 15 ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਗਏ। ਦਰਬਾਰ ਦੇ ਕੰਪਲੈਕਸ ਵਿਚ ਬਰਾਤਾਂ ਦਾ ਉਤਾਰਾ ਸਮੇਂ ਸਿਰ ਹੋਣ ਕਰਕੇ 12 ਲੜਕੀਆਂ ਦੇ ਵਿਆਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ 'ਚ ਗੁਰਮਰਿਆਦਾ ਨਾਲ ਕੀਤੇ ਗਏ । ਜਦ ਕਿ ਤਿੰਨ ਲੜਕੀਆਂ ਦੇ ਨਕਾਹ ਮੁਸਲਮਾਨ ਸ਼ਰੀਅਤ ਅਨੁਸਾਰ ਕੀਤੇ ਗਏ। ਵਿਆਹ



ਬਾਬਾ ਸੁਖਜੀਤ ਸਿੰਘ ਜੋਗੀ, ਸਰਪੰਚ ਬਲਵਿੰਦਰ ਸਿੰਘ ਲੱਡੂ ਅਤੇ ਹੋਰ ਵਿਆਹੇ ਜੋੜਿਆਂ ਨੂੰ ਅਸੀਰਵਾਦ ਦਿੰਦੇ ਹੋਏ।

ਦੀਆਂ ਸਾਰੀਆਂ ਰਸਮਾਂ ਬਾਬਾ ਸੁਖਜੀਤ ਸਿੰਘ ਜੋਗੀ ਨੇ ਇਕ ਬਾਪ ਦੀ ਤਰ੍ਹਾਂ ਨਿਭਾਈਆਂ। ਸੋਢੀ ਟਿੱਬਾ ਵਲੋਂ ਬੱਚੀਆਂ ਨੂੰ ਸਿੱਖਿਆ ਸੁਣਾਈ ਗਈ ਉਪਰੰਤ ਬਾਬਾ ਸੁਖਜੀਤ ਸਿੰਘ ਜੋਗੀ, ਸਰਪੰਚ ਬਲਵਿੰਦਰ ਸਿੰਘ ਲੱਡੂ ਅਤੇ ਆਏ ਪਤਵੰਤੇ ਸੱਜਣਾਂ ਨੇ ਸਮੁਚੇ ਜੋੜਿਆਂ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਅਸੀਰਵਾਦ ਦਿਤਾ। ਹਰ ਧੀ ਨੂੰ ਘਰ ਦੀ ਜਰੂਰੀ ਵਰਤੋਂ ਵਾਲਾ ਦਹੇਜ ਦੇ ਤੌਰ ਤੇ ਸਮਾਨ ਦਿਤਾ ਅਤੇ ਬਾਰਾਤਾਂ ਨੂੰ ਸਮੇਂ ਸਿਰ ਤੋਰਿਆ। ਸਟੇਜ ਦਾ ਸੰਚਾਲਨ ਸੂਫੀ ਕਵੀ ਮੁਖਤਾਰ ਸਹੋਤਾ ਅਤੇ ਸੋਢੀ ਟਿੱਬਾ ਨੇ ਸਾਂਝੇ ਤੌਰ ਤੇ ਕੀਤਾ। ਇਸ ਮੌਕੇ ਸੂਫੀ ਪੰਜਾਬੀ ਗਾਇਕ ਖਾਨ ਸਾਹਿਬ, ਮਨਜੀਤ ਸਿੰਘ ਲਾਲੀ, ਸੰਤੋਖ ਸਿੰਘ ਜੋਸਨ, ਅੰਗਰੇਜ ਸਿੰਘ ਗਿੱਲ, ਰਾਜਨ ਤਲਵੰਡੀ, ਲਵਪ੍ਰੀਤ ਸਿੰਘ, ਨੰਬਰਦਾਰ ਭਿੰਦਾ ਓਠੀ, ਵੀਰ ਪਾਲ ਮੈਂਬਰ, ਗੁਰਜੀਤ ਸਿੰਘ, ਭੁਪਿੰਦਰ ਸਿੰਘ, ਮੁਸਰੇਟ ਸਿੰਘ, ਸਿਤਾਰਾ ਸਿੰਘ ਲੱਡੂ, ਰੇਸ਼ਮ ਸਿੰਘ ਰੌਣਕੀ, ਰਜਿੰਦਰ ਸ਼ਰਮਾ ਵਿੱਕੀ, ਹਰਬੰਸ ਸਿੰਘ, ਲਸਰੂਪ ਸਿੰਘ ਥਿੰਦ, ਸੁਖਰਾਜ ਸਿੰਘ, ਬਲਜੀਤ ਸਿੰਘ ਦੋਵੇਂ ਯੂ. ਪੀ., ਹਰਨਾਮ ਸਿੰਘ, ਗੁਰਦੇਵ ਦੇਬਾ, ਰਿੰਕੂ ਸਨਿਆਰਾ, ਬੀਰਾ ਵਿਸੇਸ਼ ਤੌਰ ਤੇ ਹਜਾਰ ਸਨ।

# ਪਵਿੱਤਰ ਕਾਲੀ ਵੇਂਈ ਦੀ ਸਫ਼ਾਈ ਦੀ 25ਵੀਂ ਵਰ੍ਹੇਗੰਢ ਮੌਕੇ ਮੁੱਖ ਮੰਤਰੀ ਸਮਾਰੋਹ ਵਿੱਚ ਹਿੱਸਾ ਲਿਆ

**●ਮੁੱਖ ਮੰਤਰੀ ਦਾ ਲੋਕਾਂ ਨੂੰ ਸੱਦਾ, ਪਾਣੀ ਅਤੇ ਵਾਤਾਵਰਨ ਦੀ ਸੰਭਾਲ ਲਈ ਹਲਫ਼ ਲਓ ●ਸੂਬਾ ਸਰਕਾਰ ਦੀਆਂ ਕਈ ਲੋਕ-ਪੱਖੀ ਪਹਿਲਕਦਮੀਆਂ ਗਿਣਾਈਆਂ●ਪਵਿੱਤਰ ਕਾਲੀ ਵੇਂਈ ਦੀ ਸਫ਼ਾਈ ਕਰਨ ਵਾਲੇ ਬਾਬਾ ਸੀਚੇਵਾਲ ਨੇ ਪਾਣੀਆਂ ਦੀ ਰਾਖੀ ਲਈ ਸੰਸਦ ਵਿੱਚ ਵੀ ਆਵਾਜ਼ ਬੁਲੰਦ ਕੀਤੀ**

**ਕਪੂਰਥਲਾ (ਕੌੜਾ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਅਤੇ ਵਾਤਾਵਰਨ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਲੋਕਾਂ ਨੂੰ ਹਲਫ਼ ਲੈਣ ਦਾ ਸੱਦਾ ਦਿੱਤਾ। ਇੱਥੇ ਪਵਿੱਤਰ ਕਾਲੀ ਵੇਂਈ ਦੀ ਸਫ਼ਾਈ ਦੀ 25ਵੀਂ ਵਰ੍ਹੇਗੰਢ ਸਬੰਧੀ ਕਰਵਾਏ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਪੰਜਾਬ ਨੂੰ ਦਰਿਆਵਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ ਪਰ ਮੌਜੂਦਾ ਸਮੇਂ ਸੂਬਾ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਲਈ ਪਾਣੀ ਦੀ ਸੰਭਾਲ ਵੱਡੀ ਚੁਣੌਤੀ ਬਣ ਰਹੀ ਹੈ। ਉਨ੍ਹਾਂ ਆਖਿਆ ਕਿ ਆਪਣਾ ਕਾਰਜਭਾਰ ਸੰਭਾਲਣ ਮਗਰੋਂ ਸਾਡੀ ਸਰਕਾਰ ਨੇ ਸੂਬੇ ਭਰ ਵਿੱਚ 15,947 ਖ਼ਾਲੇ ਤੇ ਕੱਸੀਆਂ ਨੂੰ ਸੁਰਜੀਤ ਕੀਤਾ ਹੈ, ਜਿਸ ਕਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਪਾਣੀ ਪਹੁੰਚ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਉਨ੍ਹਾਂ ਕਾਰਜਭਾਰ ਸੰਭਾਲਿਆ, ਉਦੋਂ ਪੰਜਾਬ ਵਿੱਚ ਸਿਰਫ਼ 21 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਸਿੰਜਾਈ ਲਈ ਹੋ ਰਹੀ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਇਹ ਦੱਸਦਿਆਂ ਮੈਨੂੰ ਮਾਣ ਮਹਿਸੂਸ ਹੁੰਦਾ ਹੈ ਕਿ ਹੁਣ ਨਹਿਰੀ ਪਾਣੀ ਦਾ 63 ਫੀਸਦੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਣੀ ਤੇ ਵਾਤਾਵਰਨ ਦੀ ਸੰਭਾਲ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਸੂਬਾ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਆਖਿਆ ਕਿ ਇਸ ਅਹਿਮ ਕਾਰਜ ਲਈ ਲੋਕਾਂ ਦੇ ਸਰਗਰਮ ਅਤੇ ਪੂਰਨ ਸਹਿਯੋਗ ਦੀ ਲੋੜ ਹੈ।

ਗੁਰਬਾਣੀ ਦੀ ਤੁਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਨੇ ਹਵਾ ਨੂੰ ਅਧਿਆਪਕ, ਪਾਣੀ ਨੂੰ ਪਿਤਾ ਅਤੇ ਧਰਤੀ ਦੀ ਤੁਲਨਾ ਮਾਤਾ ਨਾਲ ਕੀਤੀ ਹੈ ਪਰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਇਨ੍ਹਾਂ ਤਿੰਨਾਂ ਨੂੰ ਪਲੀਤ ਕਰ ਕੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਉੱਤੇ ਚੱਲਣ ਤੋਂ ਨਾਕਾਮ ਰਹੇ ਹਾਂ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਆਖਿਆ ਕਿ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਵਾਤਾਵਰਨ ਅਤੇ ਅਧਿਆਤਮਕ ਸ਼ਾਨ ਬਹਾਲ ਕਰਨ ਲਈ ਗੁਰਬਾਣੀ ਦੇ ਸਾਰ ਨੂੰ ਸੰਜੀਦਗੀ ਨਾਲ ਆਪਣੇ ਜੀਵਨ ਵਿੱਚ ਢਾਲੀਏ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਸੁਭਾਗੇ ਹਨ ਕਿ ਉਨ੍ਹਾਂ ਨੂੰ ਪਹਿਲੇ ਗੁਰੂ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਧਰਤੀ ਉੱਤੇ ਅਕੀਦਤ ਭੇਟ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਇਕੱਠ ਨੂੰ ਚੇਤੇ ਕਰਵਾਇਆ ਕਿ ਪਹਿਲੀ ਪਾਤਸ਼ਾਹੀ ਨੇ ਇੱਥੇ ਸਾਰੀ ਮਨੁੱਖਤਾ ਲਈ ਮੂਲ ਮੰਤਰ ਦਾ ਉਚਾਰਨ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਗੁਰੂ ਸਾਹਿਬ ਨੇ ਇਸ ਪਵਿੱਤਰ ਨਗਰੀ ਵਿੱਚ ਤਕਰੀਬਨ 14 ਸਾਲ ਗੁਜ਼ਾਰੇ ਅਤੇ ਇਹ ਮੇਰੇ ਲਈ ਵੱਡੇ ਮਾਣ ਦੀ ਗੱਲ ਹੈ ਕਿ ਪਵਿੱਤਰ ਕਾਲੀ ਵੇਂਈ ਦੀ ਕਾਰ ਸੇਵਾ ਦੀ





25ਵੀਂ ਵਰ੍ਹੇਗੰਢ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ।

ਮੁੱਖ ਮੰਤਰੀ ਨੇ ਕਿਹਾ ਕਿ 165 ਕਿਲੋਮੀਟਰ ਲੰਮੀ ਕਾਲੀ ਵੇਂਈ ਦੀ ਸਫ਼ਾਈ ਦੇ ਵਿਸ਼ਾਲ ਹੰਭਲੇ ਨੂੰ ਇਤਿਹਾਸ ਵਿੱਚ ਸੁਨਿਹਰੀ ਅੱਖਰਾਂ ਨਾਲ ਉਕਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਿਸਾਲੀ ਪਹਿਲਕਦਮੀ ਨਾਲ ਹਵਾ ਤੇ ਪਾਣੀ ਨੂੰ ਬਚਾਉਣ ਦੀ ਅਹਿਮੀਅਤ ਬਾਰੇ ਵਿਸ਼ਵ ਵਿੱਚ ਮਜ਼ਬੂਤ ਸੁਨੇਹਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਬਾਬਾ ਬਲਬੀਰ ਸਿੰਘ ਸੀਚੇਵਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ 16 ਜੁਲਾਈ 2000 ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਅਰਦਾਸ ਨਾਲ ਕਾਰ ਸੇਵਾ ਦੀ ਸ਼ੁਰੂਆਤ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿ ਸਾਲ 2022 ਵਿੱਚ ਸੰਤ ਸੀਚੇਵਾਲ ਜੀ ਨੂੰ ਪੰਜਾਬ ਤੋਂ ਰਾਜ ਸਭਾ ਮੈਂਬਰ ਚੁਣਿਆ ਗਿਆ, ਜੋ ਲੋਕਾਂ ਦੀ ਸੇਵਾ ਵਿੱਚ ਜੁਟੇ ਹੋਏ ਹਨ। ਉਨ੍ਹਾਂ ਕਿਹਾ ਕਿ ਬਾਬਾ ਜੀ ਨੇ ਪਾਣੀਆਂ ਦੀ ਰਾਖੀ ਲਈ ਸੰਸਦ ਵਿੱਚ ਆਵਾਜ਼ ਬੁਲੰਦ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਅਤੇ ਬਾਬਾ ਸੀਚੇਵਾਲ ਦੇ ਅਣਥੱਕ ਯਤਨਾਂ ਸਦਕਾ ਬੁੱਢਾ ਦਰਿਆ (ਜਿਸ ਨੂੰ ਬੁੱਢੇ ਨਾਲੇ ਵਜੋਂ ਜਾਣਿਆ ਜਾਂਦਾ ਸੀ) ਦੀ ਸਫਾਈ ਲਈ ਜ਼ੋਰ ਲਾਇਆ ਜਾ ਰਿਹਾ ਹੈ। ਉਨ੍ਹਾਂ ਨੇ ਉਮੀਦ ਜ਼ਾਹਰ ਕੀਤੀ ਕਿ ਬੁੱਢੇ ਦਰਿਆ ਦਾ ਪੁਰਾਤਨ ਰੂਪ ਬਹਾਲ ਕਰ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਜਲ ਵਸੀਲਿਆਂ ਦੀ ਰਾਖੀ ਲਈ ਹਰ ਮੁਹਾਜ਼ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਦੇ ਵਿਕਾਸ ਪ੍ਰਾਜੈਕਟ ਨਿਰਮਾਣ ਅਧੀਨ ਹਨ ਤਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਨਗਰੀ ਸੁਲਤਾਨਪੁਰ ਲੋਧੀ ਸ਼ਹਿਰ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਭਰੋਸਾ ਦਿਵਾਇਆ ਕਿ ਇਨ੍ਹਾਂ ਪ੍ਰਾਜੈਕਟਾਂ ਨੂੰ ਛੇਤੀ ਹੀ ਮੁਕੰਮਲ ਕਰ ਲਿਆ ਜਾਵੇਗਾ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਕਾਲੀ ਵੇਂਈ ਦੀ ਸਫਾਈ ਦੀ ਵਰ੍ਹੇਗੰਢ ਮਨਾਉਣਾ ਮਹਿਜ਼ ਰਸਮੀ ਕਾਰਵਾਈ ਨਹੀਂ, ਸਗੋਂ ਇਸ ਦਾ ਮਨੋਰਥ ਭਵਿੱਖੀ ਪੀੜ੍ਹੀਆਂ ਲਈ ਸਾਫ-ਸੁਥਰਾ ਤੇ ਸਿਹਤਮੰਦ ਵਾਤਾਵਰਣ ਯਕੀਨੀ ਬਣਾਉਣ ਲਈ ਜਾਗਰੂਕਤਾ ਪੈਦਾ ਕਰਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੁਦਰਤ ਵੱਲੋਂ ਬਖਸ਼ੀਆਂ ਅਨਮੋਲ ਦਾਤਾਂ ਦੀ ਰਾਖੀ ਕਰਨਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਲੋਕਾਂ ਨੂੰ ਵਾਤਾਵਰਣ ਨੂੰ ਬਚਾਉਣ ਲਈ ਲੋਕ ਲਹਿਰ ਵਿੱਚ ਵਧ-ਚੜ੍ਹ ਕੇ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਬੀਤੇ ਦਿਨ ਸਰਕਾਰ ਨੇ ਵਿਧਾਨ ਸਭਾ ਵਿੱਚ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ-2025' ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਵਰਗੀਆਂ ਸੰਵੇਦਨਸ਼ੀਲ ਘਟਨਾਵਾਂ ਪੰਜਾਬੀਆਂ ਦੇ ਹਿਰਦਿਆਂ ਨੂੰ ਧੁਰ ਅੰਦਰ ਤੱਕ ਵਲੂੰਧਰ ਦਿੰਦੀਆਂ ਹਨ ਅਤੇ ਇਨ੍ਹਾਂ ਮਾਮਲਿਆਂ ਦਾ ਸਾਡੀਆਂ ਮੌਜੂਦਾ ਅਤੇ ਆਉਣ ਵਾਲੀਆਂ ਵਾਲੀਆਂ ਪੀੜ੍ਹੀਆਂ ਉਪਰ ਵੱਡਾ ਅਸਰ ਪੈਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੇ ਘਿਨਾਉਣੇ ਜੁਰਮਾਂ ਨੂੰ ਠੱਲ੍ਹ ਪਾਉਣ ਲਈ ਸਖ਼ਤ ਸਜ਼ਾ ਦੀ ਵਿਵਸਥਾ ਕਰਨਾ ਜ਼ਰੂਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ-ਮਹਾਪੁਰਸ਼ਾਂ ਅਤੇ ਪੀਰਾਂ-ਪੈਗੰਬਰਾਂ ਦੀ ਪਵਿੱਤਰ ਧਰਤੀ ਹੈ ਜਿਨ੍ਹਾਂ ਨੇ ਪਿਆਰ, ਸਦਭਾਵਨਾ ਅਤੇ ਸਹਿਣਸ਼ੀਲਤਾ ਦਾ ਸੰਦੇਸ਼ ਕੀਤਾ। ਹਾਲਾਂਕਿ, ਉਨ੍ਹਾਂ ਨੇ ਅਫਸੋਸ ਪ੍ਰਗਟ ਕੀਤਾ ਕਿ ਕੁਝ ਪੰਜਾਬ ਵਿਰੋਧੀ ਤਾਕਤਾਂ ਸਾਲ 2016 ਤੋਂ ਪਵਿੱਤਰ ਗ੍ਰੰਥਾਂ ਵਿਰੁੱਧ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਸਾਂਝੀਵਾਲਤਾ ਦੇ ਤਾਣੇ-ਬਾਣੇ ਨੂੰ ਖੇਰੂੰ-ਖੇਰੂੰ ਕਰਨ ਦੀਆਂ ਘਟੀਆ ਕੋਸ਼ਿਸਾਂ ਕਰ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਅਜਿਹੇ ਕਾਰਿਆਂ ਵਿੱਚ ਸ਼ਾਮਲ ਦੋਸ਼ੀਆਂ ਲਈ ਮਿਸਾਲੀ ਸਜ਼ਾ ਨੂੰ ਯਕੀਨੀ ਬਣਾਉਣ ਲਈ ਆਪਣੀ ਸਰਕਾਰ ਦੇ ਦ੍ਰਿੜ੍ਹ ਸੰਕਲਪ ਨੂੰ ਦੁਹਰਾਇਆ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਹੋਈ

**17 ਅਤੇ 18 ਜੁਲਾਈ ਨੂੰ ਮੁੱਖ ਮੰਤਰੀ ਦੇ ਨਾਮ ਜਿਲ੍ਹਾ ਸਿੱਖਿਆ ਅਫਸਰਾਂ ਰਾਹੀਂ ਭੇਜੇ ਜਾਣਗੇ ਮੰਗ ਪੱਤਰ*4161, 6635 ਦੇ ਵਿਦ-ਹੈੱਲਡ ਸਮੇਤ ਨਵ ਨਿਯੁਕਤ ਅਤੇ ਪ੍ਰਮੋਟੀ ਅਧਿਆਪਕਾਂ ਨੂੰ ਬਦਲੀ ਦਾ ਤੁਰੰਤ ਮੌਕਾ ਦਿੱਤਾ ਜਾਵੇ- ਚਾਹਲ, ਸਸਕੌਰ**

**ਫਿਲੌਰ/ਅੱਪਰਾ (ਦੀਪਾ)**- ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਆਨਲਾਈਨ ਮੀਟਿੰਗ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਦੁਆਰਾ ਅਧਿਆਪਕਾਂ ਦੇ ਮੰਗਾਂ ਮਸਲਿਆਂ ਨੂੰ ਅਣਗੌਲਿਆ ਕਰਨ ਦਾ ਦੋਸ਼ ਲਾਉਂਦਿਆਂ ਅਗਲੇ ਐਕਸ਼ਨ ਉਲੀਕੇ ਜਿਸ ਦੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਕਰਨੈਲ ਫਿਲੌਰ ਨੇ ਕਿਹਾ ਕਿ 17 ਅਤੇ 18 ਜੁਲਾਈ ਨੂੰ ਜ਼ਿਲਾ ਸਿੱਖਿਆ ਅਫਸਰਾਂ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ ਅਧਿਆਪਕਾਂ ਦੇ ਮੰਗਾਂ ਮਸਲਿਆਂ ਸਬੰਧੀ ਮੰਗ ਪੱਤਰ ਭੇਜੇ ਜਾਣਗੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਅਮੀਵਾਲ, ਕੁਲਦੀਪ ਸਿੰਘ ਪੁਰੋਵਾਲ, ਗੁਰਦੀਪ ਸਿੰਘ ਬਾਜਵਾ, ਮਨੋਹਰ ਲਾਲ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਪੰਜਾਬ ਦੇ ਅਧਿਆਪਕਾਂ ਤੇ ਲਾਏ ਕੇਂਦਰੀ ਸਕੇਲ ਅਤੇ ਸਰਵਿਸ ਰੂਲ ਰੱਦ ਕਰਕੇ ਪੰਜਾਬ ਦੇ ਸਕੇਲ ਅਤੇ ਸਰਵਿਸ ਰੂਲ ਲਾਗੂ ਕੀਤੇ ਜਾਣ,ਸਾਰੇ ਮੁਲਾਜ਼ਮਾਂ ਨੂੰ ਤਨਖਾਹ ਮਹੀਨੇ ਦੀ ਇਕ ਤਰੀਕ ਨੂੰ ਦਿੱਤੀ ਜਾਵੇ, ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਸਿਆਸੀ ਦਖਲ ਅੰਦਾਜ਼ੀ ਬੰਦ ਕੀਤੀ, 4161 ਅਤੇ 6635 ਦੇ ਵਿਦ ਹਿੱਲਡ ਅਧਿਆਪਕਾਂ ਸਮੇਤ



ਨਵ ਨਿਯੁਕਤ ਅਧਿਆਪਕਾਂ ਅਤੇ ਪ੍ਰਮੋਟੀ ਅਧਿਆਪਕਾਂ ਨੂੰ ਬਦਲੀ ਦਾ ਮੌਕਾ ਦਿੱਤਾ ਜਾਵੇ, ਪੇਂਡੂ ਭੱਤੇ ਸਮੇਤ ਬੰਦ ਕੀਤੇ ਭੱਤੇ ਤੁਰੰਤ ਜਾਰੀ ਕੀਤੇ ਜਾਣ,ਡਿਊ ਡੀਏ ਤੁਰੰਤ ਜਾਰੀ ਕੀਤਾ ਜਾਵੇ, ਐਸ.ਐਸ.ਏ. ਅਤੇ ਰਮਸਾ ਤੋਂ ਸਿੱਖਿਆ ਵਿਭਾਗ ਵਿੱਚ ਆਏ ਅਧਿਆਪਕਾਂ ਦੀਆਂ ਬਣਦੀਆਂ ਛੁੱਟੀਆਂ ਅਤੇ ਹੋਰ ਸਹੂਲਤਾਂ ਤੁਰੰਤ ਜਾਰੀ ਕੀਤੀਆਂ ਜਾਣ, ਕੰਪਿਊਟਰ ਅਤੇ ਮੈਰੀਟੋਰੀਅਸ ਅਧਿਆਪਕਾਂ ਨੂੰ ਪੂਰੀਆਂ ਸਹੂਲਤਾਂ ਤਹਿਤ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ, ਰੀਕਾਸਟ ਲਿਸਟਾਂ ਦੇ ਨਾਮ ਤੇ ਅਧਿਆਪਕਾਂ ਨੂੰ ਖੱਜਲ ਖੁਆਰ ਕਰਨਾ ਬੰਦ ਕੀਤਾ ਜਾਵੇ,ਕੋਰਟ ਦੁਆਰਾ ਕੀਤੇ ਮੁਲਾਜਮ ਪੱਖੀ ਫੈਸਲਿਆਂ ਨੂੰ ਜਰਨਲ ਰਾਇਜ ਕੀਤਾ ਜਾਵੇ,ਆਪਸੀ ਬਦਲੀ ਤੇ ਸਟੇ ਦੀ ਸ਼ਰਤ ਖਤਮ ਕੀਤੀ ਜਾਵੇ, ਸਿੱਖਿਆ ਵਿਭਾਗ ਵਿੱਚ ਹਰ ਵਰਗ ਦੇ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣ! ਸੂਬਾ ਕਮੇਟੀ ਮੀਟਿੰਗ ਵਿੱਚ ਜਥੇਬੰਦੀ ਦੀ ਜਨਰਲ ਕੌਂਸਲ ਅੱਠ ਨਵੰਬਰ ਨੂੰ ਜਲੰਧਰ ਵਿਖੇ ਕਰਨ ਦਾ ਫੈਸਲਾ ਵੀ ਕੀਤਾ ਗਿਆ ਜਥੇਬੰਦੀ ਨੇ ਫੈਸਲਾ ਕੀਤਾ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਮੁੱਖ ਦਫਤਰ ਵਿਖੇ ਡੀ.ਐਸ. ਸੀ. (ਸਕੈਂਡਰੀ )ਅਤੇ ਡੀ. ਐਸ.ਸੀ. (ਐਲੀਮੈਂਟਰੀ) ਦਾ ਘਿਰਾਓ ਵੀ ਕੀਤਾ ਜਾਵੇਗਾ।ਇਸ ਮੌਕੇ ਹੁਸ਼ਿਆਰਪੁਰ ਤੋਂ ਅਮਨਦੀਪ ਸ਼ਰਮਾ ਤੇ ਸੁਨੀਲ ਕੁਮਾਰ , ਗੁਰ-ਦਾਸਪੁਰ ਤੋਂ ਮੰਗਲਦੀਪ ਨਵਾਂਸ਼ਹਿਰ ਤੋਂ ਕੁਲਦੀਪ ਸਿੰਘ ਦੌੜਕਾ, ਮੋਗਾ ਤੋਂ ਜੱਜਪਾਲ ਸਿੰਘ ਬਾਜੇ ਕੇ ਅਤੇ ਗੁਰਪ੍ਰੀਤ ਸਿੰਘ ਅਮੀਵਾਲ ,ਮੁਕਤਸਰ ਤੋਂ ਮਨੋਹਰ ਲਾਲ ਸ਼ਰਮਾ, ਸੰਗਰੂਰ ਤੋਂ ਸਰਬਜੀਤ ਸਿੰਘ, ਪਟਿਆਲਾ ਤੋਂ ਪਰਮਜੀਤ ਪਟਿਆਲਾ,ਫਤਹਿਗੜ੍ਹ ਸਾਹਿਬ ਤੋਂ ਰਾਜੇਸ਼ ਕੁਮਾਰ, ਫਿਰੋਜਪੁਰ ਤੋਂ ਬਲਵਿੰਦਰ ਸਿੰਘ ਭੁੱਟੋ ,ਜਸਵਿੰਦਰ ਸਿੰਘ ਸਮਾਣਾ,,ਰੋਪੜ ਤੋਂ ਗੁਰਬਿੰਦਰ ਸਸਕੌਰ ਪਠਾਨਕੋਟ ਤੋਂ ਸੁਭਾਸ਼ ਚੰਦਰ ,ਅਮ੍ਰਿਤਪਾਲ ਨਰਿੰਦਰ ਸਿੰਘ ਮਾਖਾ,ਲਖਵਿੰਦਰ ਸਿੰਘ, ਗੁਰਪ੍ਰੀਤ ਸਿੰਘ ਮੋਹਾਲੀ ਤੋਂ ਮਨਪ੍ਰੀਤ ਸਿੰਘ,ਪ੍ਰਸੋਤਮ ਲਾਲ,ਸ੍ਰੀ ਅੰਮ੍ਰਿਤਸਰ ਤੋਂ ਸੁੱਚਾ ਸਿੰਘ ਟਰਪਈ, ਲੁਧਿਆਣਾ ਤੋਂ ਜਗਜੀਤ ਸਿੰਘ ਮਾਨ, ਫ਼ਾਜ਼ਿਲਕਾ ਤੋਂ ਪਰਮਜੀਤ ਸਿੰਘ ਸ਼ੋਰੇਵਾਲ, ਅਮਨਦੀਪ ਸਿੰਘ, ਮੰਗਾਂ ਸਿੰਘ,ਮਨਜਿੰਦਰ ਸਿੰਘ,, ਰਾਜੀਵ ਹਾਂਡਾ ਫਿਰੋਜ਼ਪੁਰ,ਬਰਨਾਲਾ ਤੋਂ ਹਰਿੰਦਰ ਮਲੀਆ ਤਰਨਤਾਰਨ ਤੋਂ ਸਰਬਜੀਤ ਹਰਿੰਦਰ ਜਲੰਧਰ ਤੋਂ ਤੀਰਥ ਸਿੰਘ ਬਾਸੀ ਅਤੇ ਨਿਰ-ਮੋਲਕ ਸਿੰਘ ਹੀਰਾ ਆਦਿ ਅਧਿਆਪਕ ਆਗੂ ਸ਼ਾਮਿਲ ਸਨ।

# ਐੱਸ.ਐੱਸ.ਡੀ ਕਾਲਜ ਵਿੱਚ ਵਿਦਿਆਰਥੀਆਂ ਨੂੰ ਬੈਂਕਿੰਗ ਅਤੇ ਵਿੱਤੀ ਖੇਤਰ 'ਚ ਆਪਣਾ ਕੈਰੀਅਰ ਬਣਾਉਣ ਸਬੰਧੀ ਜਾਣਕਾਰੀ ਦਿੱਤੀ ਗਈ

**ਐਕਸਿਸ ਬੈਂਕ ਅਤੇ ਐਚ.ਡੀ.ਐਫ.ਸੀ ਬੈਂਕ ਦੇ ਸਹਿਯੋਗ ਨਾਲ ਕਰਵਾਈ ਗਈ ਪਲੇਸਮੈਂਟ ਡਰਾਈਵ**



**ਬਰਨਾਲਾ ( ਚੰਡਿਹੋਕ )** ਐੱਸ.ਐੱਸ.ਡੀ ਕਾਲਜ ਬਰਨਾਲਾ ਵੱਲੋਂ ਐਕਸਿਸ ਬੈਂਕ ਅਤੇ ਐਚ.ਡੀ.ਐਫ.ਸੀ ਬੈਂਕ ਦੇ ਸਹਿਯੋਗ ਨਾਲ ਇੱਕ ਪਲੇਸਮੈਂਟ ਡਰਾਈਵ ਦਾ ਸਫਲਤਾਪੂਰਨ ਆਯੋਜਨ ਕੀਤਾ ਗਿਆ, ਜਿਸ ਵਿੱਚ ਬੈਂਕਿੰਗ ਅਤੇ ਵਿੱਤ ਖੇਤਰ ਵਿੱਚ ਵਿਦਿਆਰਥੀਆਂ ਨੂੰ ਆਪਣਾ ਕੈਰੀਅਰ ਬਣਾਉਣ ਦੇ ਮੌਕੇ ਪ੍ਰਦਾਨ ਕੀਤੇ ਗਏ। ਇਸ ਪ੍ਰੋਗਰਾਮ ਦੀ ਅਗਵਾਈ ਸ਼੍ਰੀ ਸ਼ਿਵ ਸ਼ਰਮਾ ਅਤੇ ਸ਼੍ਰੀ ਲਵਪ੍ਰੀਤ ਕੁਮਾਰ ਨੇ ਕੀਤੀ, ਜਿਨ੍ਹਾਂ ਨੇ ਦੋਵਾਂ ਬੈਂਕਾਂ ਦੀ ਨੁਮਾਇੰਦਗੀ ਕੀਤੀ ਅਤੇ ਭਰਤੀ ਪ੍ਰਕਿਰਿਆਵਾਂ ਦਾ ਸੰਚਾਲਨ ਕੀਤਾ। ਡਰਾਈਵ ਵਿੱਚ ਇੱਕ ਪ੍ਰੀ-ਪਲੇਸਮੈਂਟ ਟਾਕ, ਐਪਟੀਟਿਊਡ ਟੈਸਟ, ਸਮੂਹ ਚਰਚਾਵਾਂ ਅਤੇ ਨਿੱਜੀ ਇੰਟਰਵਿਊ ਸ਼ਾਮਲ ਸਨ, ਜਿੱਥੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤਾਂ ਜੋ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਜਾ ਸਕੇ ਅਤੇ ਨਾਮਵਰ ਬੈਂਕਾਂ ਵਿੱਚ ਨੌਕਰੀ ਦੀਆਂ ਭੂਮਿਕਾਵਾਂ ਸੁਰੱਖਿਅਤ ਕੀਤੀਆਂ ਜਾ ਸਕਣ। ਵਣਜ ਵਿਭਾਗ ਦੇ ਮੁਖੀ ਪ੍ਰੋ. ਹਰਪ੍ਰੀਤ ਕੌਰ ਨੇ ਸ਼੍ਰੀ ਸ਼ਿਵ ਸ਼ਰਮਾ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਅਸਲ-ਸਮੇਂ ਦੇ ਰੁਜ਼ਗਾਰ ਦੇ ਮੌਕਿਆਂ ਨਾਲ ਜੋੜਨ ਲਈ ਇਸ ਸ਼ਲਾਘਾਯੋਗ ਪਹਿਲਕਦਮੀ ਲਈ ਬੈਂਕਾਂ ਦਾ ਧੰਨਵਾਦ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਰਾਕੇਸ਼ ਜਿੰਦਲ ਨੇ ਐਕਸਿਸ ਬੈਂਕ ਅਤੇ ਐਚ.ਡੀ.ਐਫ.ਸੀ ਬੈਂਕ ਦੇ ਪ੍ਰਤੀਨਿਧੀਆਂ ਦਾ ਧੰਨਵਾਦ ਕੀਤਾ, ਵਿਦਿਆਰਥੀਆਂ ਨੂੰ ਅਜਿਹਾ ਸੁਨਹਿਰੀ ਮੌਕਾ ਪ੍ਰਦਾਨ ਕਰਨ ਵਿੱਚ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜਿਹੇ ਪਲੇਟਫਾਰਮਾਂ ਦਾ ਪੂਰਾ ਲਾਭ ਉਠਾਉਣ ਲਈ ਵੀ ਉਤਸ਼ਾਹਿਤ ਕੀਤਾ ਜੋ ਅਕਾਦਮਿਕ ਸਿੱਖਿਆ ਅਤੇ ਉਦਯੋਗ ਦੀਆਂ ਮੰਗਾਂ ਵਿਚਕਾਰ ਪਾੜੇ ਨੂੰ ਪੂਰਾ ਕਰਦੇ ਹਨ। ਫੈਕਲਟੀ ਮੈਂਬਰ ਪ੍ਰੋ. ਨਵਦੀਪ ਕੌਰ ਅਤੇ ਪ੍ਰੋ. ਸੁਖਪ੍ਰੀਤ ਕੌਰ ਵੀ ਡਰਾਈਵ ਦੌਰਾਨ ਮੌਜੂਦ ਸਨ ਅਤੇ ਉਨ੍ਹਾਂ ਨੇ ਪ੍ਰੋਗਰਾਮ ਦੇ ਸੁਚਾਰੂ ਤਾਲਮੇਲ ਵਿੱਚ ਯੋਗਦਾਨ ਪਾਇਆ। ਪਲੇਸਮੈਂਟ ਡਰਾਈਵ ਇੱਕ ਸਫਲ ਨੋਟ 'ਤੇ ਸਮਾਪਤ ਹੋਈ, ਜਿਸ ਨਾਲ ਵਿਦਿਆਰਥੀਆਂ ਨੂੰ ਪੇਸ਼ੇਵਰ ਦੁਨੀਆ ਵਿੱਚ ਆਤਮ ਵਿਸ਼ਵਾਸ ਨਾਲ ਕਦਮ ਰੱਖਣ ਲਈ ਉਮੀਦ ਅਤੇ ਪ੍ਰੇਰਿਤ ਕੀਤਾ ਗਿਆ।

# ਨੇਪਾਲ ਤੋਂ ਅੰਤਰ-ਰਾਸ਼ਟਰੀ ਤਮਗੇ ਜਿੱਤ ਕੇ ਪਰਤੇ ਰੋਮੀ ਦਾ ਸ਼ਾਨਦਾਰ ਸੁਆਗਤ



**ਬਨੂੜ, (ਪੱਤਰ ਪ੍ਰੇਰਕ):** ਨੇਪਾਲ ਦੇ ਸ਼ਹਿਰ ਪੋਖਰਾ ਵਿਖੇ 'ਯੂਥ ਗੇਮਜ਼ ਐਜੂਕੇਸ਼ਨ ਫੈਡਰੇਸ਼ਨ ਇੰਡੀਆ' ਵੱਲੋਂ 12 ਤੋਂ 14 ਜੁਲਾਈ ਤੱਕ ਅੰਤਰ-ਰਾਸ਼ਟਰੀ ਖੇਡ ਮੁਕਾਬਲੇ ਕਰਵਾਏ ਗਏ। 'ਇੰਡੋ-ਨੇਪਾਲ ਯੂਥ ਗੇਮਜ਼ ਚੈਂਪੀਅਨਸ਼ਿਪ:2025' ਦੇ ਬੈਨਰ ਹੇਠ ਹੋਏ ਇਨ੍ਹਾਂ ਮੁਕਾਬਲਿਆਂ ਵਿੱਚ ਭਾਰਤ ਅਤੇ ਨੇਪਾਲ ਵੱਲੋਂ ਵੱਖੋ-ਵੱਖ ਖੇਡਾਂ ਦੇ ਖਿਡਾਰੀਆਂ ਨੇ ਖੂਬ ਜੋਹਰ ਵਿਖਾਏ। ਇਸੇ ਦੌਰਾਨ ਗੁਰਬਿੰਦਰ ਸਿੰਘ (ਰੋਮੀ ਘੜਾਮਾਂ) ਨੇ ਭਾਰਤ ਵੱਲੋਂ 40+ ਉਮਰ ਵਰਗ ਲਈ ਖੇਡਦਿਆਂ ਦੋ ਸੋਨੇ ਅਤੇ ਦੋ ਚਾਂਦੀ ਦੇ ਤਮਗੇ ਜਿੱਤੇ। ਉਨ੍ਹਾਂ 1500 ਤੇ 800 ਮੀਟਰ ਦੌੜਾਂ ਵਿੱਚ ਪਹਿਲੇ ਅਤੇ 400 ਤੇ 4×100 ਰਿਲੇਅ ਵਿੱਚ ਦੂਸਰੇ ਸਥਾਨ ਹਾਸਲ ਕੀਤੇ। ਇਸ ਅੰਤਰ-ਰਾਸ਼ਟਰੀ ਖੇਡ ਸਮਾਗਮ ਤੋਂ ਵਾਪਸ ਪਰਤਣ 'ਤੇ ਰੋਮੀ ਦੇ ਪਿੰਡ ਘੜਾਮਾਂ ਵਾਸੀਆਂ ਵੱਲੋਂ ਪੰਜਾਬ-ਹਰਿਆਣਾ ਸਰਹੱਦ (ਸ਼ੰਭੂ ਬਾਰਡਰ) ਵਿਖੇ ਸ਼ਾਨਦਾਰ ਸੁਆਗਤ ਕੀਤਾ ਗਿਆ। ਉਪਰੰਤ ਪਿੰਡ ਪਹੁੰਚਣ 'ਤੇ ਢੋਲ ਦੇ ਡੱਗਿਆਂ 'ਤੇ ਮਠਿਆਈ ਵੰਡ ਕੇ ਖੂਬ ਜਸ਼ਨ ਮਨਾਇਆ ਗਿਆ। ਇਸ ਮੌਕੇ ਅੰਗਰੇਜ ਸਿੰਘ ਗੱਜੂ (ਪੰਚ), ਬਿਅੰਤ ਸਿੰਘ (ਅਰਦਾਸ ਸਰਵਿਸ ਸਟੇਸ਼ਨ), ਪਾਲਾ ਚਮਾਰੂ ਟ੍ਰਾਂਸਪੋਰਟਰ, ਰਿੰਕੂ ਮਦਨਪੁਰ ਟ੍ਰਾਂਸਪੋਰਟਰ, ਹਰਭਜਨ ਨੰਡਿਆਲੀ (ਲੋਕ ਗਾਇਕ), ਰਣਜੀਤ ਸਿੰਘ ਸੰਧੂ ਸਰਪੰਚ, ਸੂਬਾ ਸਿੰਘ ਸਰਪੰਚ, ਨੱਥੂ ਰਾਮ ਸਰਪੰਚ, ਕਰਨੈਲ ਸਿੰਘ (ਬਾਨੀ ਪ੍ਰਧਾਨ: ਸ਼ਹੀਦ ਮਦਨ ਲਾਲ ਢੀਂਗਰਾ, ਯੂਥ ਕਲੱਬ, ਘੜਾਮਾਂ), ਹਰਬੰਸ ਸਿੰਘ ਸੰਧੂ, ਜੋਗਿੰਦਰ ਸਿੰਘ ਸੰਧੂ, ਅਜੈਬ ਸਿੰਘ ਸੰਧੂ, ਰਾਜਿੰਦਰ ਸਿੰਘ ਰਾਜਾ, ਪਰਮਜੀਤ ਸਿੰਘ ਰਿੰਕੂ, ਰਜਿੰਦਰ ਸਿੰਘ ਕਾਕਾ (ਆਟੋ ਸਰਵਿਸ), ਸਤਨਾਮ ਸਿੰਘ ਟੋਨੀ, ਕੁਲਵਿੰਦਰ ਸਿੰਘ ਛੋਟਾ, ਮਿਸਤਰੀ ਸੰਤ ਰਾਮ, ਗੁਰਸੇਵਕ ਸਿੰਘ ਗੋਰਾ ਸੰਧੂ, ਗੁਰਸੇਵਕ ਸਿੰਘ ਬਾਬਾ ਸੰਧੂ, ਵਾਰਸ ਸੰਧੂ, ਅਰਦਾਸਵੀਰ ਸਿੰਘ, ਬਿੱਟੂ ਢੋਲੀ ਬਨੂੜ ਐਂਡ ਪਾਰਟੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਪੰਜਾਬ ਸੰਭਾਲੋ ਮੁਹਿੰਮ ਨੂੰ ਜਨਤਕ ਅੰਦੋਲਨ ਬਣਾਉਣ ਲਈ ਬੂਥ ਪੱਧਰ ਤਕ ਦਾ ਮਜਬੂਤ ਸੰਗਠਨ ਬਣਾਇਆ ਜਾਵੇ : ਕਰੀਮਪੁਰੀ

## ਵਿਛੜੇ ਫੋਜਾ ਸਿੰਘ ਜੀ ਬਸਪਾ ਆਗੂ ਗੁਰਦਿਆਲ ਦੋਸਾਂਝ ਤੇ ਗੁਰਮੇਲ ਭੱਟੀ ਨੂੰ ਬਸਪਾ ਵਲੋਂ ਦਿਤੀ ਸ਼ਰਧਾਂਜਲੀ







**ਬੰਗਾ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਵਿਧਾਨਸਭਾ ਹਲਕਾ ਬੰਗਾ ਦੀ ਸਮਿਖਿਆ ਮੀਟਿੰਗ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਨਵਾਂ ਸ਼ਹਿਰ ਦੀ ਅਗਵਾਈ ਵਿੱਚ ਬੰਗਾ ਹਲਕੇ ਦੇ ਨਾਲ ਸੰਬੰਧਿਤ ਜਿਲਾ ਵਿਧਾਨਸਭਾ ਸੈਕਟਰ ਲੇਡੀਜ ਵਿੰਗ ਤੇ ਬੀ ਵੀ ਐਫ ਦੀ ਸਮੁਚੀ ਲੀਡਰਸ਼ਿਪ ਨੇ ਸ਼ਮੂਲੀਅਤ ਕੀਤੀ ਮੀਟਿੰਗ ਵਿਚ ਬਜ਼ੁਰਗ ਮੈਰਾਥਨ ਦੌੜਾਕ ਸ ਫੋਜਾਂ ਸਿੰਘ ਜੀ ਮਿਸ਼ਨਰੀ ਆਗੂ ਗੁਰਦਿਆਲ ਦੋਸਾਂਝ ਤੇ ਗੁਰਮੇਲ ਭੱਟੀ ਜੀ ਨੂੰ ਬਹੁਜਨ ਸਮਾਜ ਪਾਰਟੀ ਵਲੋਂ ਸਰਧਾਂਜਲੀ ਭੇਟ ਕੀਤੀ ਮੀਟਿੰਗ ਵਿੱਚ ਸ਼ਾਮਿਲ ਹੋਏ ਮੁਖ ਮਹਿਮਾਨ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਸਾਬਕਾ ਮੈਂਬਰ ਪਾਰਲੀਮੈਂਟ ਨੇ ਬਸਪਾ ਪੰਜਾਬ ਵਲੋਂ ਸ਼ੁਰੂ ਕੀਤੀ ਪੰਜਾਬ ਸੰਭਾਲੋ ਮੁਹਿੰਮ ਨੂੰ ਜਨਤਕ ਅੰਦੋਲਨ ਬਣਾਉਣ ਲਈ ਪੰਜਾਬੀਆਂ ਦੇ ਵਿਹੜੇ ਤਕ ਪਹੁਚਾਉਣ ਲਈ ਬੂਥ ਪੱਧਰ ਦੇ ਜਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਲਈ ਤਹਿ ਸਮੇਂ ਵਿੱਚ ਹਲਕੇ ਦੀ ਲੀਡਰਸ਼ਿਪ ਨੂੰ ਮੁਕੰਮਲ ਕਰਨਾ ਹੀ 2027 ਵਿਚ ਬਹੁਜਨ ਸਮਾਜ ਨੂੰ ਸਤਾ ਦਾ ਭਾਗੀਦਾਰ ਬਣਾਉਣ ਵਿੱਚ ਸਹਿਯੋਗੀ ਹੋਵੇਗਾ ਡਰਗ ਮਾਫੀਆ ਦੇ ਨੈਟਵਰਕ ਅਕਾਲੀ ਭਾਜਪਾ, ਕਾਂਗਰਸ ਪਾਰਟੀ ਦੀਆਂ ਸਰਕਾਰਾਂ ਵਿੱਚ ਪੈਦਾ ਹੋਇਆ ਤੇ ਡਰਗ ਮਾਫੀਆ ਨੂੰ ਤਿੰਨ ਮਹੀਨੇ ਵਿੱਚ ਖਤਮ ਕਰਨ ਦੀ ਗਰੰਟੀ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਡਰਗ ਮਾਫੀਆ ਦੇ ਨੈਟਵਰਕ ਨੂੰ ਖਤਮ ਤਾਂ ਕੀ ਕਰਨਾ ਇਨ੍ਹਾਂ ਦੀ ਸਰਕਾਰ ਵੀ ਬੁਰੀ ਤਰ੍ਹਾਂ ਫੇਲ ਹੋ ਚੁਕੀ ਹੈ ਪੰਜਾਬ ਵਿੱਚ ਜ਼ਹਿਰੀਲੀ ਸ਼ਰਾਬ ਤੇ ਚਿਟੇ ਨਾਲ ਮਾਂਵਾਂ ਜੇ ਪੁੱਤ ਬੇਵਕਤੀ ਮਰ ਰਹੇ ਹਨ ਸਰਕਾਰ ਜੇਲਾਂ ਵਿਚੋ ਵੀ ਨਸ਼ੇ ਨੂੰ ਖਤਮ ਨਹੀਂ ਕਰ ਸਕੀ ਅਜਿਹੇ ਮਾੜੇ ਹਾਲਾਤ ਨਾਲ ਸਾਬਿਤ ਹੁੰਦਾ ਹੈ ਜਾਂ ਤਾਂ ਸਰਕਾਰ ਗੰਭੀਰ ਨਹੀ ਜਾਂ ਡਰਗ ਮਾਫੀਆ ਦੇ ਸਾਹਮਣੇ ਬੇਬਸ ਹੈ ਸਿਰਫ ਨਸ਼ਾ ਕਰਨ ਵਾਲਿਆਂ ਤੇ ਹੀ ਵੱਡੀ ਗਿਣਤੀ ਵਿੱਚ ਪਰਚੇ ਦਰਜ ਕਰਕੇ ਪੰਜਾਬੀਆਂ ਦਾ ਧਿਆਨ ਭਟਕਾਇਆ ਜਾ ਰਿਹਾ ਹੈ ਪੰਜਾਬ ਵਿੱਚ ਡਾ ਅੰਬੇਦਕਰ ਜੀ ਬੁੱਤਾਂ ਦੀ ਸੁਰਖਿਆ ਲਈ ਵੀ ਗੰਭੀਰ ਨਹੀਂ ਹੈ ਉਸਦੇ ਲਈ ਮੋਦੀ ਸਰਕਾਰ ਵੀ ਬਰਾਬਰ ਦੀ ਜਿਮੇਵਾਰ ਹੈ ਬਸਪਾ ਪੰਜਾਬ ਦੇ ਪ੍ਰਧਾਨ ਡਾ ਕਰੀਮਪੁਰੀ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸਮਾਗਮਾਂ ਵਿੱਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਮਨਾਏ ਜਾ ਰਹੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ ਵਿਚ ਪ੍ਰਧਾਨ ਮੰਤਰੀ ਮੋਦੀ ਜੀ ਨੂੰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣ ਲਈ ਸਦਾ ਪੱਤਰ ਦੇਣ ਦੇ ਫੈਸਲੇ ਦਾ ਬਸਪਾ ਵਿਰੋਧ ਕਰਦੀ ਹੈ ਇਹ ਉਹੀ ਭਾਜਪਾ ਤੇ ਆਰ ਆਰ ਐਸ ਹੈ ਜਿਨ੍ਹਾਂ ਨੇ ਦਿਲੀ ਤਾ ਹਰਿਆਣਾ ਵਿੱਚ ਵਖਰੀਆਂ ਸ਼੍ਰੋਮਣੀ ਗੁਰਦ-ਵਾਰਾ ਪ੍ਰਬੰਧ ਕਮੇਟੀਆਂ ਰਾਹੀ ਗੁਰੂ ਘਰਾ ਤੇ ਕਬਜੇ ਕੀਤੇ ਹਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧ ਕਮੇਟੀ ਨੂੰ ਪੰਜਾਬ ਵਿੱਚ ਆਰ ਆਰ ਐਸ ਵਲੋਂ ਹਿੰਦੂ ਰਾਸਟਰ ਬਣਾਉਣ ਵਿੱਚ ਸਹਿਯੋਗੀ ਨਾ ਬਣਨ ਦੀ ਬਸਪਾ ਸਲਾਹ ਦਿੰਦੀ ਹੈ ਮੋਦੀ ਤੇ ਅਮਿਤਸ਼ਾਹ ਨੂੰ ਇਤਿਹਾਸਿਕ ਸਮਾਗਮਾਂ ਵਿੱਚ ਬਲਾਉਣ ਦੇ ਫੈਸਲੇ ਬਾਰੇ ਵਿਚਾਰ ਕਰੇ ਇਸ ਮੋਕੇ ਤੇ ਬਸਪਾ ਪੰਜਾਬ ਦੇ ਸਕੱਤਰ ਦਿਲਬਾਗ ਮਹਿਦੀਪੁਰ, ਜਿਲਾ ਪ੍ਰਧਾਨ ਸਰਬਜੀਤ ਜਾਫਰਪੁਰ, ਜਿਲਾ ਇੰਚਾਰਜ ਮਨੋਹਰ ਕਮਾਮ ਜਿਲਾ ਜਨਰਲ ਸਕੱਤਰ ਹਰ ਬਲਾਸ ਬਸਰਾ, ਹਲਕਾ ਪ੍ਰਧਾਨ ਮਾਸਟਰ ਸਤਪਾਲ ਰਟੈਂਡਾ, ਜਿਲਾ ਸਕੱਤਰ ਵਿਜੇ ਕੁਮਾਰ ਗੁਣਾਚੌਰ, ਜਿਲਾ ਸਕੱਤਰ ਸੋਮ ਨਾਥ ਰਟੈਂਡਾ, ਰੂਪ ਲਾਲ ਧੀਰ ਜੀ ਕੇਹਰ ਚੰਦ ਫਰਾਲਾ ਜੈ ਪਾਲ ਸੁੰਡਾ, ਚਰਨਜੀਤ ਮੰਢਾਲੀ ਹਲਕਾ ਜਨਰਲ ਸਕੱਤਰ ਅਸ਼ੋਕ ਕੁਮਾਰ ਹਲਕਾ ਉਪ ਪ੍ਰਧਾਨ ਜਸਵੰਤ ਕਟਾਰੀਆ, ਚਰਨਜੀਤ ਸੁਮਨ ਬਸਪਾ ਦੇ ਯੂਥ ਆਗੂ ਹਰਜਿੰਦਰ ਜੰਡਾਲੀ ਮੈਂਬਰ ਬਲਾਕ ਸੰਮਤੀ ਧਰਮ ਪਾਲ ਤਲਵੰਡੀ,ਕੁਲਦੀਪ ਬਹਿਰਾਮ, ਰਵਿੰਦਰ ਮਹਿਮੀ ਪਰਮਜੀਤ ਕੌਰ ਬਹਿਰਾਮ, ਰਣਜੀਤ ਝਿੰਗੜਾਂ,ਕ੍ਰਿਪਾਲ ਸਿੰਘ ਝੱਲੀ, ਪਰਮਜੀਤ ਪੱਲੀ ਝਿੱਕੀ,ਰਾਮ ਕ੍ਰਿਸ਼ਨ ਪੱਲੀ ਝਿੱਕੀ,ਗੁਰਮੁਖ ਨੌਰਧ ਸੁਰਿੰਦਰ ਸਿੰਘ ਝਿੰਗੜਾਂ, ਰਕੇਸ਼ ਕੁਮਾਰ ਮੇਹਲੀ , ਮਹਿੰਦਰ ਪਾਲ ਬੈਂਸ, ਜੋਗਿੰਦਰ ਸਿੰਘ ਔੜ, ਪਰਕਾਸ਼ ਫਰਾਲਾ, ਜਸਪਾਲ ਉਚਾ, ਹਰਜਿੰਦਰ ਲਦੜ, ਪਰਮਜੀਤ ਦੋਸਾਂਝ, ਪਰਮਜੀਤ ਮਹਿਰਮਪੁਰ, ਮਲਕੀਅਤ ਮੰਢਾਲੀ, ਰਕੇਸ਼ ਕੁਮਾਰ ਕੁਲਥਮ, ਡਾ ਜੱਸੀ, ਦਲਵੀਰ ਬੇਗਮਪੁਰੀ, ਇੰਦਰਜੀਤ ਅਟਾਰੀ, ਅਵਤਾਰ ਹੀਉਂ, ਸੁਰਿੰਦਰ ਮੰਡੇਰਾਂ, ਜਗਤਾਰ ਸਿੰਘ ਚਕਰਾਮੂ, ਤੀਰਥ ਕਲਸੀ ਗੁਰਦਿਆਲ ਚਕਮੰਢੇਰ, ਸੋਹਣ ਲਾਲ ਰਟੈਂਡਾ, ਰਮੇਸ ਚਕਕਲਾਲ, ਤੇ ਇਲਾਵਾ ਵਡੀ ਗਿਣਤੀ ਵਰਕਰ ਸਮਰਥਕ ਸ਼ਾਮਿਲ ਹੋਏ।

# ਰੋਟਰੀ ਕਲੱਬ ਗੋਰਾਇਆਮਿਡ ਟਾਊਨ ਨੇ 'ਅੰਨਪੂਰਨਾ' ਦਿਵਸ ਮਨਾਇਆ




**ਫਿਲੌਰ/ਅੱਪਰਾ (ਦੀਪਾ)-** ਰੋਟਰੀ ਕਲੱਬ ਗੋਰਾਇਆ ਮਿਡ ਟਾਊਨ ਵਲੋਂ ਜੀ. ਟੀ ਰੋਡ ਡੱਲੇਵਾਲ ਰੇਲਵੇ ਫਾਟਕਾਂ ਦੇ ਨਜ਼ਦੀਕ ਬੈਠੇ ਪ੍ਰਵਾਸੀ ਮਜ਼ਦੂਰਾਂ ਨਾਲ ਅੰਨਪੂਰਨਾ ਦਿਵਸ ਮਨਾਇਆ ਗਿਆ ਤੇ ਇਸ ਮੌਕੇ ਹਰ ਪਰਿਵਾਰ ਨੂੰ ਸੁੱਕੇ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ । ਇਸ ਮੌਕੇ ਕਲੱਬ ਦੇ ਪ੍ਰਧਾਨ ਰੋਟੇਰੀਅਨ ਹਰਜਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ ਰੋਟਰੀ ਕਲੱਬ ਮਿਡ ਟਾਊਨ ਗੋਰਾਇਆ ਅਜਿਹੇ ਸਮਾਜਿਕ ਕਾਰਜ ਭਵਿੱਖ 'ਚ ਵੀ ਜਾਰੀ ਰੱਖੇਗਾ । ਇਸ ਮੌਕੇ ਕਲੱਬ ਸੈਕਟਰੀ ਰੋਟੇਰੀਅਨ ਕਮਲ ਕੁਮਾਰ, ਵਾਈਸ ਪ੍ਰਧਾਨ ਰੋਟੇਰੀਅਨ ਲਪਿੰਦਰ ਕੁਮਾਰ, ਐਗਜ਼ਿਕਟਵ ਸੈਕਟਰੀ ਰੋਟੇਰੀਅਨ ਸਚਿਨ ਵਰਮਾ, ਚਾਰਟਰ ਪ੍ਰਧਾਨ ਰੋਟੇਰੀਅਨ ਪ੍ਰਿਪਾਲ ਸਿੰਘ, ਰੋਟੇਰੀਅਨ ਬਲਦੇਵ ਸਿੰਘ ਭੋਗਲ, ਰੋਟੇਰੀਅਨ ਸ਼ਿਨ ਕੁਮਾਰ ਕਲਸੀ, ਰੋਟੇਰੀਅਨ ਨਿਤੀਸ਼ ਗੰਨਤਰਾ ਵੀ ਹਾਜ਼ਰ ਸਨ।

# ਸ੍ਰੀਮਤੀ ਸ਼ੁਸ਼ਮਾ ਘਈ ਸਾਬਕਾ ਮੈਂਬਰ ਪੰਚਾਇਤ ਅੱਪਰਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

## ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 'ਤੇ ਅੰਤਿਮ ਅਰਦਾਸ 20 ਨੂੰ


Late:- Smt. Sushma Ghai

**ਫਿਲੌਰ/ਅੱਪਰਾ (ਦੀਪਾ)-** ਕਸਬਾ ਅੱਪਰਾ ਤੋਂ ਸਾਬਕਾ ਮੈਂਬਰ ਪੰਚਾਇਤ ਸ੍ਰੀਮਤੀ ਸ਼ੁਸ਼ਮਾ ਘਈ (ਪਤਨੀ ਸ੍ਰੀ ਅਸ਼ੋਕ ਕੁਮਾਰ ਘਈ) ਦੀ ਬੀਤੇ ਦਿਨੀਂ ਮੌਤ ਹੋ ਗਈ । ਉਹ ਪਿਛਲੇ ਕੁਝ ਸਾਲਾਂ ਤੋਂ ਕੈਂਸਰ ਦੀ ਭਿਆਨਕ ਬਿਮਾਰੀ ਤੋਂ ਪੀੜਿਤ ਸਨ ਤੇ ਸ੍ਰੀਮਤੀ ਸ਼ੁਸ਼ਮਾ ਘਈ ਕਸਬਾ ਅੱਪਰਾ ਦੇ ਪੰਚਾਇਤ ਮੈਂਬਰ ਵੀ ਰਹਿ ਚੁੱਕੇ ਸਨ ਤੇ ਉਹ ਇੱਕ ਨੇਕ ਦਿਲ ਸਖਸ਼ੀਅਤ ਦੀ ਮਾਲਕ ਸਨ ਤੇ ਉਨਾਂ ਦੀ ਮੌਤ 'ਤੇ ਇਲਾਕੇ ਭਰ ਦੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਤੇ ਸਰਪੰਚਾਂ ਪੰਚਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ । ਉਨਾਂ ਨਮਿਤ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 'ਤੇ ਅੰਤਿਮ ਅਰਦਾਸ ਮਿਤੀ 20 ਜੁਲਾਈ ਦਿਨ ਐਤਵਾਰ ਨੂੰ ਦੁਪਿਹਰ 1 ਵਜੇ ਤੋਂ ਲੈ ਕੇ 2 ਵਜੇ ਤੱਕ ਭਾਈ ਮੇਹਰ ਚੰਦ ਜੀ ਦੇ ਨਵੇਂ ਹਾਲ (ਅੱਪਰਾ) ਵਿਖੇ ਹੋਵੇਗੀ ।

# ਸਰਕਾਰੀ ਸਸਸ ਸਕੂਲ ਭਲਵਾਨ ਵਿਖੇ ਚੇਤਨਾ ਪਰਖ ਪ੍ਰੀਖਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ : ਤਰਕਸ਼ੀਲ

## ਹਾਜ਼ਰੀਨ ਨੂੰ ਮੰਨਣ ਤੋਂ ਪਹਿਲਾਂ ਪਰਖਣ ਦਾ ਸੱਦਾ ਦਿੱਤਾ







ਸੰਗਰੂਰ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਸੁਰਿੰਦਰ ਪਾਲ ਉਪਲੀ, ਗੁਰਦੀਪ ਸਿੰਘ ਲਹਿਰਾ ਤੇ ਮਾਸਟਰ ਗੁਰਜੰਟ ਸਿੰਘ ਅਧਾਰਿਤ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਤੇ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਬਾਰੇ ਜਾਣਕਾਰੀ ਦੇਣ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਵਾਨ ਵਿਖੇ ਦਸਤਕ ਦਿੱਤੀ ।

ਸਭ ਤੋਂ ਪਹਿਲਾਂ ਸਕੂਲ ਪ੍ਰਿੰਸੀਪਲ ਮੈਡਮ ਨਿਸ਼ਾ ਨਾਰੰਗ ਨੇ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੱਤਾ।

ਤਰਕਸ਼ੀਲ ਆਗੂ ਮਾਸਟਰ ਗੁਰਜੰਟ ਸਿੰਘ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜੀਵਾਦੀ ਵਿਚਾਰਾਂ ਦੀ ਦਲਦਲ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਮੰਨਣ ਤੋਂ ਪਹਿਲਾਂ ਹਰ ਗੱਲ ਪਰਖ਼ਣ ਲਈ ਕਿਹਾ।ਇਸ ਸਮੇਂ ਤਰਕਸ਼ੀਲ ਆਗੂ ਗੁਰਦੀਪ ਲਹਿਰਾ ਤੇ ਸੁਰਿੰਦਰ ਪਾਲ ਪਪਲਿ ਇਣ ਸਦੋ ਬਸਨਲ ਨੇ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਇਹ ਪ੍ਰੀਖਿਆ 29 ਤੇ 31 ਅਗਸਤ ਨੂੰ ਹੋਵੇਗੀ, ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ।ਮਿਡਲ ਤੇ ਸੈਕੰਡਰੀ ਪੱਧਰ ਦੇ ਓ ਐਮ ਆਰ ਸ਼ੀਟ ਤੇ 60 ਬਹੁ ਚੋਣਾਵੀ ਪ੍ਰਸ਼ਨਾਂ ਦੇ ਆਧਾਰ ਤੇ ਦੋ ਪੇਪਰ ਹੋਣਗੇ। ਮੈਰਿਟ ਕਲਾਸ ਵਾਈਜ ਬਣੇਗੀ। ਸੂਬਾ,ਜੋਨ ਤੇ ਇਕਾਈ ਪੱਧਰ ਤੇ ਮੈਰਿਟ ਬਣੇਗੀ। ਉਨ੍ਹਾਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਸਮੇ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਾਂ ਚੇਤਨਾ ਪਰਖ਼ ਪ੍ਰੀਖਿਆ ਲਈ ਸਿਲੇਬਸ ਪੁਸਤਕਾਂ ਵੀ ਦਿੱਤੀਆਂ ਗਈਆਂ।ਇਸ ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਲੈਕਚਰਾਰ ਅਨੂ ਗੋਇਲ, ਜਸਵਿੰਦਰ ਕੌਰ, ਬਲਜੀਤ ਸਿੰਘ, ਸੁਖਜੀਤ ਸਿੰਘ, ਕੁਲਵੰਤ ਸਿੰਘ , ਤਜਿੰਦਰ ਕੌਰ, ਸਤਿੰਦਰ ਕੌਰ ਮਾਸਟਰ ਗੁਰਸੇਵਕ ਸਿੰਘ, ਜਤਿੰਦਰਦੀਪ ਕੌਰ,ਅੰਜੂ ਬਾਲਾ , ਸੋਨੀਆ ਮਿੱਤਲ, ਸੰਦੀਪ ਕੌਰ, ਅਮਨਦੀਪ ਕੌਰ, ਮਨਪ੍ਰੀਤ ਸਿੰਘ, ਬਲਜਿੰਦਰ ਸਿੰਘ,ਰੀਤਾ ਰਾਣੀ, ਜਸਵਿੰਦਰ ਸਿੰਘ, ਮਨਪ੍ਰੀਤ ਸਿੰਘ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ ।

**ਮਾਸਟਰ ਪਰਮ ਵੇਦ**
**ਜ਼ੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਗੁਰਮੇਲ ਭੱਟੀ ਦਾ ਅਫਸੋਸ ਕਰਨ ਲਈ ਸ. ਅਵਤਾਰ ਸਿੰਘ ਕਰੀਮਪੁਰੀ ਪਹੁੰਚੇ



**ਬੰਗਾ( ਚਰਨਜੀਤ ਸੱਲ੍ਹਾਂ )** ਸ੍ਰੀ ਗੁਰਮੇਲ ਭੱਟੀ ਜੀ ਪਿੰਡ ਮੰਢਾਲੀ ਬਾਮਸੇਫ ਅਤੇ ਬਸਪਾ ਦੇ ਆਗੂ ਦੇ ਸਦੀਵੀ ਵਿਛੋੜੇ ਤੇ ਪਿੰਡ ਮੰਢਾਲੀ ਵਿਧਾਨ ਸਭਾ ਬੰਗਾ ਜਿਲਾ ਐਸ ਬੀ ਐਸ ਨਗਰ ਪਹੁੰਚ ਕੇ ਪਰਿਵਾਰ ਨਾਲ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਨੇ ਦੁੱਖ ਸਾਂਝਾ ਕੀਤਾ ਅਤੇ ਪਰਿਵਾਰ ਨੂੰ ਭਾਣਾ ਮੰਨਣ ਲਈ ਕਿਹਾ ਇਸ ਮੌਕੇ ਤੇ ਉਨ੍ਹਾਂ ਦੇ ਨਾਲ ਪ੍ਰਵੀਨ ਬੰਗਾ, ਚਰਨਜੀਤ ਮੰਢਾਲੀ, ਹਰਬਲਾਸ ਬਸਰਾ, ਹਰਜਿੰਦਰ ਸਿੰਘ, ਮਲਕੀਤ ਮੰਢਾਲੀ, ਰਾਕੇਸ਼ ਕੁਲਥਮ, ਸੁਰਜੀਤ ਮੰਢਾਲੀ, ਮਹਿੰਦਰ ਸਿੰਘ ਬੈਂਸ, ਕੁਲਦੀਪ ਬਹਿਰਾਮ, ਤੀਰਥ ਕਲਸੀ ਬਹਿਰਾਮ, ਆਦਿ ਹਾਜ਼ਰ ਸਨ।

# ਸੀਨੀਅਰ ਪੱਤਰਕਾਰ ਸਤਨਾਮ ਸਿੰਘ ਸਿਸਵਾਂ ਨੂੰ ਗਹਿਰਾ ਸਦਮਾ ਪੁੱਜਿਆ



**ਕੁਰਾਲੀ- (ਚਰਨਜੀਤ ਸੱਲ੍ਹਾਂ)-** ਸੀਨੀਅਰ ਪੱਤਰਕਾਰ ਸਤਨਾਮ ਸਿੰਘ ਸਿਸਵਾਂ ਨੂੰ ਗਹਿਰਾ ਸਦਮਾ ਪੁੱਜਿਆ ਜਦੋਂ ਬੀਤੇ ਦਿਨੀਂ ਉਨ੍ਹਾਂ ਦੇ ਪਿਤਾ ਜੀ ਸ. ਪਰਸ਼ੋਤਮ ਸਿੰਘ ਸਾਗੀ ਸੰਖੇਪ ਬਿਮਾਰੀ ਕਾਰਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦੇ ਇਸ ਦੁਨੀਆਂ ਤੋਂ ਰੁਖਸਤ ਹੋਣ ਨਾਲ ਜਿੱਥੇ ਪਰਿਵਾਰ ਨੂੰ ਘਾਟਾ ਪਿਆ ਉੱਥੇ ਸਮਾਜ ਨੂੰ ਵੀ ਵੱਡਾ ਘਾਟਾ ਪਿਆ ਹੈ। ਇਸ ਦੁਖ ਦੀ ਘੜੀ ਵਿੱਚ ਰਾਜਾ ਰਜਿੰਦਰ ਸਿੰਘ ਨਨਹੇੜੀਆਂ ਜਨਰਲ ਸਕੱਤਰ ਪੰਜਾਬ ਬੀਐਸਪੀ, ਕਰਨੈਲ ਸਿੰਘ ਜੀਤ ਪ੍ਰਧਾਨ ਮੋਰਿੰਡਾ ਪ੍ਰੈੱਸ ਕਲੱਬ ਅਤੇ ਵਾਈਸ ਚੇਅਰਮੈਨ ਪੀਏਡੀਬੀ, ਸੀਨੀਅਰ ਪੱਤਰਕਾਰ ਜੈ ਸਿੰਘ ਛਿੱਬਰ, ਸਰਦੂਲ ਸਿੰਘ ਬਾਲਸੰਡਾ ਜ਼ਿਲ੍ਹਾ ਪ੍ਰਧਾਨ ਬੀਐਸਪੀ, ਨਰਿੰਦਰ ਸਿੰਘ ਬਡਵਾਲੀ ਜਨਰਲ ਸਕੱਤਰ ਬੀਐਸਪੀ ਜਿਲਾ ਰੋਪੜ, ਸੀਨੀਅਰ ਕਾਂਗਰਸੀ ਨੇਤਾ ਸ. ਹਰਮਿੰਦਰ ਸਿੰਘ ਲੱਕੀ, ਗੁਰਨਾਮ ਸਿੰਘ ਪਿੱਪਲ ਮਾਜਰਾ ਹਲਕਾ ਪ੍ਰਧਾਨ ਬੀਐਸਪੀ, ਜਸਵਿੰਦਰ ਸਿੰਘ ਛਿੱਬਰ ਜਨਰਲ ਸਕੱਤਰ ਬੀਐਸਪੀ ਹਲਕਾ ਸ਼੍ਰੀ ਚਮਕੌਰ ਸਾਹਿਬ, ਗੁਰਦੀਪ ਸਿੰਘ ਪਿੱਪਲ ਮਾਜਰਾ ਯੂਥ ਵਿੰਗ ਹਲਕਾ ਇਨਚਾਰਜ, ਮਨਪ੍ਰੀਤ ਸਿੰਘ ਮੈਨੇਜਿੰਗ ਡਾਇਰੈਕਟਰ ਐਮਐਸ ਹੋਸਪਿਟਲਿਟੀ ਮੈਨੇਜਮੈਂਟ, ਅਰਸ਼ਦੀਪ ਸੰਧੂ ਬਲਾਕ ਸੋਸ਼ਲ ਮੀਡੀਆ ਇੰਚਾਰਜ ਆਮ ਆਦਮੀ ਪਾਰਟੀ ਜੈਤੋ, ਨੌਜਵਾਨ ਆਗੂ ਅਮਨਪ੍ਰੀਤ ਸਿੰਘ ਕਸ਼ਯਪ ਮੋਰਿੰਡਾ, ਹਰੀਪਾਲ ਸਾਬਕਾ ਨਗਰ ਕੌਂਸਲ ਪ੍ਰਧਾਨ ਮੋਰਿੰਡਾ, ਨੌਜਵਾਨ ਆਗੂ ਸੁਖਵੀਰ ਸਿੰਘ ਮੰਡੇਰ, ਜਗਬੀਰ ਸਿੰਘ ਬਡਵਾਲੀ, ਸ. ਫਕੀਰ ਸਿੰਘ ਬਡਵਾਲੀ ਬਿਊਰੋ ਚੀਫ ਬਡਵਾਲੀ ਟਾਈਮ ਨਿਊਜ਼, ਸ ਸੇਵਾ ਸਿੰਘ ਰਿਟਾ. ਫੂਡ ਸਪਲਾਈ ਅਫਸਰ, ਸਾਹਿ- ਬਜ਼ਾਦਾ ਬਾਬਾ ਫਤਿਹ ਸਿੰਘ ਸਪੋਰਟਸ ਕਲੱਬ ਮੱਕੋਵਾਲ ਦੀ ਸਮੂਹ ਟੀਮ, ਇਲਾਕੇ ਦੇ ਪਤਵੰਤੇ ਸੱਜਣ ਅਤੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

# ਜ਼ਿਲਾ ਰੋਜਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਦਫਤਰ ‘ਚ ਮਨਾਇਆ ਵਰਲਡ ਯੂਥ ਸਕਿਲ ਡੇਅ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋ 15 ਜੁਲਾਈ ਵਰਲਡ ਯੂਥ ਸਕਿਲ ਡੇਅ ਜਿਲਾ ਪ੍ਰਬੰਧਕੀ ਕੰਪਲੈਕਸ ਸਹੀਦ ਭਗਤ ਸਿੰਘ ਨਗਰ ਵਿਖੇ ਮਨਾਇਆ ਗਿਆ। ਇਸ ਮੌਕੇ ਹੁਨਰ ਸਿਖਲਾਈ ਪ੍ਰੋਗਰਾਮ ਅਧੀਨ ਸਿਖਲਾਈ ਪ੍ਰਾਪਤ ਨੌਕਰੀ ਜੁਆਇਨ ਕਰ ਚੁੱਕੇ ਨੌਜਵਾਨ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਪੀ.ਸੀ.ਐਸ. ਦੇ ਰੂਬਰੂ ਹੋਏ ।ਇਸ ਮੌਕੇ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਕੇ.ਸੀ ਟਾਵਰ ਵਿਖੇ ਦੀਨ ਦਿਆਲ ਉਪਾਧਿਆ ਗ੍ਰਾਮੀਨ ਕੌਸ਼ਲ ਯੋਜਨਾ ਸਕੀਮ ਅਧੀਨ ਟ੍ਰੇਨਿੰਗ ਪਾਰਟਨਰ ਸ਼ਹੀਦ ਭਗਤ ਸਿੰਘ ਚੈਰੀਟੇਬਲ ਐਜੁਕੇਸ਼ਨ ਸੋਸਾਇਟੀ ਵੱਲੋ ਵੇਅਰਹਾਊਸ ਐਸੋਸੀਏਟ (ਲੌਜਿਸਟਿਕ ਸੈਕਟਰ) ਵਿੱਚ ਮੁਫਤ ਹੁਨਰ ਸਿਖਲਾਈ ਪ੍ਰਾਪਤ ਉਮੀਦਵਾਰਾਂ ਨੂੰ ਕੋਰਸ ਪੂਰਾ ਕਰਨ ਉਪਰੰਤ ਹੁਨਰ ਪ੍ਰਮਾਣਤਾ ਸਰਟੀਫਿਕੇਟ ਵੰਡੇ ਗਏ। ਪੰਜ ਮਹੀਨੇ ਦੇ ਇਸ ਮੁਫਤ ਹੁਨਰ ਸਿਖਲਾਈ ਪ੍ਰੋਗਰਾਮ ਦੌਰਾਨ ਨੌਜਵਾਨਾਂ ਨੂੰ ਮੁਫਤ ਵਰਦੀਆਂ ਕਾਪੀਆਂ ਕਿਤਾਬਾਂ ਅਤੇ ਹੋਰ ਆਧੁਨਿਕ ਸਹੂਲਤਾਂ ਨਾਲ ਲੈਸ ਟ੍ਰੇਨਿੰਗ ਸਮੱਗਰੀ ਦਿੱਤੀ ਗਈ ਹੈ।ਟ੍ਰੇਨਿੰਗ ਉਪਰੰਤ ਨੌਜਵਾਨਾਂ ਨੂੰ ਸਬੰਧਤ ਸੈਕਟਰ ਵਿੱਚ ਨੌਕਰੀ ਤੇ ਲਗਵਾਇਆ ਗਿਆ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵੱਲੋ ਨੌਕਰੀ ਤੇ ਕੰਮ ਕਰਨ ਵਾਲੇ ਨੌਜਵਾਨਾਂ ਨਾਲ ਗੱਲਬਾਤ ਕੀਤੀ ਤੇ ਹੁਨਰਮੰਦਾਂ ਵੱਲੋ ਨੌਕਰੀ ਦੌਰਾਨ ਆਪਣੇ ਤਜਰਬੇ ਸਾਂਝੇ ਕੀਤੇ ਗਏ।ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਵੱਲੋ ਨੌਜਵਾਨਾਂ ਨਾਲ ਗੱਲਬਾਤ ਦੌਰਾਨ ਉਹਨਾਂ ਦੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ।ਉਹਨਾਂ ਵੱਲੋ ਜਿਲੇ ਦੇ ਬੇਰੋਜਗਾਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਨੌਜਵਾਨ ਮੁਫਤ ਹੁਨਰ ਸਿਖਲਾਈ ਕੋਰਸ ਕਰ ਕੇ ਨੌਕਰੀ ਪ੍ਰਾਪਤ ਕਰਨ ਦਾ ਚਾਹਵਾਨ ਹੋਵੇ ਤਾਂ ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਕਮਰਾ ਨੰਬਰ 413, ਤੀਸਰੀ ਮੰਜਲ, ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਜਾਣਕਾਰੀ ਪ੍ਰਾਪਤ ਕਰਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦਾ ਹੈ। ਇਸ ਮੌਕੇ ਤੇ ਜ਼ਿਲਾ ਰੋਜਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਸੰਦੀਪ ਕੁਮਾਰ ਅਤੇ ਪੰਜਾਬ ਹੁਨਰ ਵਿਕਾਸ ਮਿਸ਼ਨ ਦਾ ਜ਼ਿਲਾ ਪੱਧਰੀ ਸਟਾਫ ਮੌਜੂਦ ਸੀ।



# ਜ਼ਿਲੇ ‘ਚ ਮਾਈਨਿੰਗ ਵਾਲੀਆਂ ਸਾਈਟਾਂ ਦੀ ਹੋਵੇ ਰੈਗੂਲਰ ਚੈਕਿੰਗ, 15 ਦਿਨਾਂ ਬਾਅਦ ਲਈ ਜਾਵੇਗੀ ਰਿਪੋਰਟ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅੱਜ ਇੱਥੇ ਜ਼ਿਲਾ ਪੱਧਰੀ ਮਾਈਨਿੰਗ ਕਮੇਟੀ ਨਾਲ ਮਾਈਨਿੰਗ ਦੀ ਸਮੀਖਿਆ ਕਰਦਿਆਂ ਨਿਰਦੇਸ਼ ਦਿੱਤੇ ਕਿ ਸੰਬੰਧਤ ਵਿਭਾਗਾਂ ਵੱਲੋਂ ਜ਼ਿਲੇ ਦੀਆਂ ਮਾਈਨਿੰਗ ਸਾਈਟਾਂ ਦੀ ਰੈਗੂਲਰ ਚੈਕਿੰਗ ਕਰਕੇ ਹਰ 15 ਦਿਨਾਂ ਬਾਅਦ ਵਿਸਥਾਰਤ ਰਿਪੋਰਟ ਦਿੱਤੀ ਜਾਵੇ। ਜ਼ਿਲਾ ਪੱਧਰੀ ਟਾਸਕ ਫੋਰਸ ਵਿੱਚ ਸ਼ਾਮਲ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਥਾਨਕ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਸਟ੍ਰਿਕਟ ਮਾਈਨਿੰਗ ਫਾਊਂਡੇਸ਼ਨ ਦੀ ਮੀਟਿੰਗ ਦੌਰਾਨ ਮਾਈਨਿੰਗ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਜ਼ਿਲੇ ਦੀਆਂ ਸਾਰੀਆਂ ਸਾਈਟਾਂ ‘ਤੇ ਮਾਈਨਿੰਗ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਾਂਝੇ ਤੌਰ ‘ਤੇ ਰੈਗੂਲਰ ਚੈਕਿੰਗ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਟੀਮਾਂ ਵੱਲੋਂ ਜ਼ਿਲੇ ਵਿੱਚ ਮਾਈਨਿੰਗ ਗਤੀਵਿਧੀਆਂ ‘ਤੇ ਪੈਨੀ ਨਜ਼ਰ ਰੱਖੀ ਜਾਵੇ ਤਾਂ ਜੋ ਕਿਤੇ ਵੀ ਨਾਜਾਇਜ਼ ਮਾਈਨਿੰਗ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਨਾਜਾਇਜ਼ ਮਾਈਨਿੰਗ ਵਾਲੇ ਮਾਮਲਿਆਂ ਵਿੱਚ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਓਵਰਲੋਡ ਅਤੇ ਨਾਜਾਇਜ਼ ਮਾਈਨਿੰਗ ਵਾਲੇ ਵ੍ਹੀਕਲਾਂ ਵਿਰੁੱਧ ਮੌਕੇ ‘ਤੇ ਹੀ ਚਾਲਾਨ ਕੱਟੇ ਜਾ ਰਹੇ ਹਨ ਜਿਸ ਤਹਿਤ ਲੰਘੀ ਅਪ੍ਰੈਲ ਤੋਂ ਲੈ ਕੇ 30 ਜੂਨ ਤੱਕ ਚਾਲਾਨ ਕੱਟ ਕੇ 5,08,075 ਰੁਪਏ ਦੀ ਰਿਕਵਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲਾ ਪੱਧਰੀ ਟਾਸਕ ਫੋਰਸ ਵੱਲੋਂ ਮਾਈਨਿੰਗ ਅਤੇ ਡੀਸਿਲਟਿੰਗ ਵਾਲੀਆਂ ਸਾਈਟਾਂ ਦੀ ਜਲਦ ਚੈਕਿੰਗ ਅਮਲ ਵਿੱਚ ਲਿਆਂਦੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲੇ ਵਿੱਚ ਭੱਠਾ ਮਾਲਕਾਂ ਵੱਲ ਖੜੀ ਬਕਾਇਆ ਰਿਕਵਰੀ ਦੇ ਮਾਮਲਿਆਂ ਵਿੱਚ ਤੇਜ਼ੀ ਲਿਆਉਣ ਦੇ ਵੀ ਨਿਰਦੇਸ਼ ਦਿੱਤੇ। ਬਰਸਾਤੀ ਸੀਜ਼ਨ ਦੌਰਾਨ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਅਮਲ ਵਿੱਚ ਲਿਆਂਦੇ ਜਾ ਰਹੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਦਰਿਆ ਸਤਲੁਜ ਜਾਂ ਕਿਸੇ ਡਰੇਨ ਵਿੱਚ ਪਾੜ ਪੈਂਦਾ ਹੈ ਤਾਂ ਇਨ੍ਹਾਂ ਨੂੰ ਜਿਓ ਬੈਗਾਂ ਦੀ ਵਰਤੋਂ ਰਾਹੀਂ ਤੁਰੰਤ ਬੰਦ ਕੀਤਾ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜੀਓ ਬੈਗ ਅਤੇ ਜੰਬੋ ਬੈਗਾਂ ਦੀ ਢੁਕਵੀਂ ਗਿਣਤੀ ਵਿੱਚ ਵਿਵਸਥਾ ਨੂੰ ਅਗਾਊਂ ਯਕੀਨੀ ਬਣਾਇਆ ਜਾਵੇ ਤਾਂ ਜੋ ਕਿਸੇ ਵੀ ਹੰਗਾਮੀ ਹਾਲਤ ਵੇਲੇ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ, ਨਵਾਂਸ਼ਹਿਰ ਦੇ ਐਸ.ਡੀ.ਐਮ. ਅਨਮਜੋਤ ਕੌਰ, ਬਲਾਚੌਰ ਦੇ ਐਸ.ਡੀ. ਐਮ. ਇੰਦਰ ਪਾਲ ਤੋਂ ਇਲਾਵਾ ਸੰਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



# ਕਿਸੇ ਘਰ ਜਾਂ ਅਦਾਰੇ ਵਿੱਚ ਦੂਜੀ ਵਾਰ ਡੇਂਗੂ ਦਾ ਲਾਰਵਾ ਮਿਲਣ 'ਤੇ ਕੱਟਿਆ ਜਾਵੇ ਚਲਾਣ - ਅਨਮਜਯੋਤ ਕੌਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**
ਐੱਸ. ਡੀ. ਐੱਮ., ਨਵਾਂਸ਼ਹਿਰ ਸ੍ਰੀਮਤੀ ਅਨਮਜਯੋਤ ਕੌਰ ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਐੱਸ. ਡੀ. ਐੱਮ., ਨਵਾਂਸ਼ਹਿਰ ਸ੍ਰੀਮਤੀ ਅਨਮਜਯੋਤ ਕੌਰ ਨੇ ਜ਼ਿਲ੍ਹੇ ਅੰਦਰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਸਮੀਖਿਆ ਕੀਤੀ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਦੀਆਂ ਹਦਾਇਤਾਂ ਕੀਤੀਆਂ। ਇਸ ਮੌਕੇ ਐੱਸ. ਡੀ. ਐੱਮ., ਨਵਾਂਸ਼ਹਿਰ ਸ੍ਰੀਮਤੀ ਅਨਮਜੋਤ ਕੌਰ ਨੇ ਸਿਹਤ ਅਧਿਕਾਰੀਆਂ ਸਮੇਤ ਵੱਖ-ਵੱਖ ਸਹਿਯੋਗੀ ਵਿਭਾਗਾਂ ਨੂੰ ਜ਼ਿਲ੍ਹੇ ਵਿਚ ਜੀਵਾਣੂਆਂ ਅਤੇ ਦੂਸ਼ਿਤ ਪਾਣੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਮੁਸਤੈਦ ਰਹਿਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਜੀਵਾਣੂਆਂ ਅਤੇ ਦੂਸ਼ਿਤ ਪਾਣੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਜ਼ਿਲ੍ਹੇ ਅੰਦਰ ਸਾਰੇ ਸਹਿਯੋਗੀ ਵਿਭਾਗ ਮਿਲ ਕੇ ਕੰਮ ਕਰਨ। ਉਨ੍ਹਾਂ ਨੇ ਕਿਹਾ ਕਿ ਜੀਵਾਣੂਆਂ ਨਾਲ ਡੇਂਗੂ, ਮਲੇਰੀਆ ਤੇ ਚਿਕਨਗੁਣੀਆ ਅਤੇ ਦੂਸ਼ਿਤ ਪਾਣੀ ਨਾਲ ਦਸਤ, ਉਲਟੀਆਂ, ਹੈਜ਼ਾ, ਪੀਲੀਆ ਵਰਗੀਆਂ ਬਿਮਾਰੀਆਂ ਦੇ ਪ੍ਰਸਾਰ ਨੂੰ ਰੋਕਣ ਲਈ ਅੰਤਰ ਵਿਭਾਗੀ ਸਹਿਯੋਗ ਬਹੁਤ ਜ਼ਰੂਰਤ ਹੈ। ਉਨ੍ਹਾਂ ਇਹ ਵੀ ਕਿਹਾ ਕਿ ਡੈਂਗੂ ਦੀ ਰੋਕਥਾਮ ਲਈ ਹਰ ਸ਼ੁੱਕਰਵਾਰ ਡੈਂਗੂ 'ਤੇ ਵਾਰ ਮੁਹਿੰਮ ਤਹਿਤ ਘਰ-ਘਰ ਸਰਵੇ ਕਰਕੇ ਲਾਰਵਾ ਖ਼ਤਮ ਕੀਤਾ ਜਾਵੇ ਤੇ ਆਮ ਲੋਕਾਂ ਨੂੰ ਲਾਰਵੇ ਦੀ ਪਛਾਣ ਬਾਰੇ ਜਾਗਰੂਕ ਕੀਤਾ। ਉਨ੍ਹਾਂ ਸਿਹਤ ਵਿਭਾਗ ਨੂੰ ਕਿਸੇ ਘਰ ਜਾਂ ਅਦਾਰੇ ਵਿੱਚ ਪਹਿਲੀ ਵਾਰ ਡੈਂਗੂ ਦਾ ਲਾਰਵਾ ਮਿਲਣ 'ਤੇ ਚੇਤਾਵਨੀ ਨੋਟਿਸ ਜਾਰੀ ਕਰਨ ਲਈ ਕਿਹਾ। ਉਨ੍ਹਾਂ ਨਾਲ ਹੀ ਅਰਬਨ ਬਾਡੀ ਤੇ ਪੰਚਾਇਤ ਵਿਭਾਗ ਨੂੰ ਹਦਾਇਤ ਕੀਤੀ ਕਿ ਜੇਕਰ ਕਿਸੇ ਘਰ ਜਾਂ ਅਦਾਰੇ ਵਿੱਚ ਦੂਜੀ ਵਾਰ ਡੈਂਗੂ ਦਾ ਲਾਰਵਾ ਮਿਲਦਾ ਹੈ ਤਾਂ ਉਸਦਾ ਚਲਾਨ ਕੱਟਿਆ ਜਾਵੇ। ਇਸ ਮੌਕੇ ਉਨ੍ਹਾਂ 100 ਦਿਨਾ ਟੀਬੀ ਮੁਕਤ ਭਾਰਤ ਅਭਿਆਨ ਦੀ ਗੱਲ ਕਰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਨਵਾਂਸ਼ਹਿਰ ਵਿਚ 100 ਦਿਨਾ ਟੀਬੀ ਮੁਕਤ ਭਾਰਤ ਅਭਿਆਨ ਚਲਾਇਆ ਜਾ ਰਿਹਾ ਹੈ। ਇਸ 100 ਦਿਨਾ ਟੀਬੀ ਮੁਕਤ ਭਾਰਤ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਇਸ ਮੁਹਿੰਮ ਦੌਰਾਨ ਟੀਬੀ ਦੇ ਉਨ੍ਹਾਂ ਸ਼ੱਕੀ ਮਰੀਜ਼ਾਂ ਦੀ ਸਕਰੀਨਿੰਗ ਕੀਤੀ ਜਾਵੇ, ਜਿਨ੍ਹਾਂ ਵਿਚ ਟੀਬੀ ਹੋਣ ਦਾ ਖਤਰਾ ਜ਼ਿਆਦਾ ਹੈ। ਇਸ ਕੈਟਾਗਿਰੀ ਵਿਚ ਸ਼ੂਗਰ ਦੇ ਮਰੀਜ਼, 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ, ਭੱਠਿਆਂ ਤੇ ਕੰਮ ਕਰਨ ਵਾਲੇ ਮਜ਼ਦੂਰ, ਢਾਬੇ ਤੇ ਅਲਕੋਹਲਿਕ ਵਿਅਕਤੀ ਸ਼ਾਮਲ ਹਨ। ਉਨ੍ਹਾਂ ਜੱਚਾ ਬੱਚਾ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਬਾਰੇ ਗੱਲ ਕਰਦਿਆਂ ਕਿਹਾ ਕਿ ਮਾਤਰੀ ਮੌਤ ਦਰ ਘਟਾਉਣ ਲਈ ਅਨੀਮੀਆ ਦੀ ਸਕਰੀਨਿੰਗ ਤੇ ਬਲੱਡ ਪ੍ਰੈਸ਼ਰ ਤੇ ਸ਼ੂਗਰ ਦੀ ਜਾਂਚ ਯਕੀਨੀ ਬਣਾਈ ਜਾਵੇ, ਕਿਉਂਕਿ ਇਹ ਮਾਤਰੀ ਮੌਤਾਂ ਦੇ ਪ੍ਰਮੁੱਖ ਕਾਰਨਾਂ ਵਿਚ ਸ਼ਾਮਲ ਹਨ। ਜੋ ਗਰਭਵਤੀ ਔਰਤਾਂ ਹਾਈਰਿਸਕ ਕੈਟਾਗਰੀ ਵਿਚ ਆਉਂਦੀਆਂ ਹਨ, ਉਨ੍ਹਾਂ ਨੂੰ ਬਿਹਤਰ ਇਲਾਜ ਮੁਹੱਈਆ ਕਰਵਾਇਆ ਜਾਵੇ। ਹਰ ਗਰਭਵਤੀ ਔਰਤ ਦੀ 12 ਹਫਤੇ ਦੇ ਅੰਦਰ-ਅੰਦਰ ਰਜਿਸਟ੍ਰੇਸ਼ਨ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਨੂੰ ਟਰੈਕ ਕਰਕੇ ਚਾਰ ਏ.ਐੱਨ.ਸੀ. ਚੈਕਅੱਪ ਮੁਕੰਮਲ ਕਰਵਾਉਣ ਦੇ ਨਾਲ-ਨਾਲ ਹੋਮ ਡਲਿਵਰੀਆਂ ਨੂੰ ਰੋਕਿਆ ਜਾ ਸਕੇ।



# ਸਾਉਣ ਮਹੀਨਾ ਸੌਂਣ 'ਨੀਂ ਦਿੰਦਾ

ਆਇਆ ਸਾਉਣ ਦਾ ਮਹੀਨਾ ਨਈਓਂ ਸੌਂਣ ਦਾ ਮਹੀਨਾ।
ਪੇਕੀਂ ਆਉਣ ਦਾ ਮਹੀਨਾ ਬੋਲੀ ਪਾਉਂਣ ਦਾ ਮਹੀਨਾ ।
ਭੈਣਾਂ ਇੱਕ ਦੂਸਰੀ ਨੂੰ , ਘੁੱਟ ਪਾਉਂਣ ਜੱਫੀਆਂ ;
ਬਹੁਤੇ ਸਾਢੂਆਂ 'ਚ ਫ਼ਰਕ , ਪਵਾਉਂਣ ਦਾ ਮਹੀਨਾ ।
ਬਾਕੀ ਗੱਲਾਂ ਛੱਡ ਖਹਿੜਾ , ਛੱਡ ਕੇ ਮੁਬਾਇਲ ਦਾ ;
ਗੀਤ ਗਾਉਂਣ ਦਾ ਮਹੀਨਾ , ਬੂਟੇ ਲਾਉਂਣ ਦਾ ਮਹੀਨਾ ।
ਗੁੱਸੇ ਗਿਲਿਆਂ ਨੂੰ ਛੱਡ , ਇੱਕ ਥਾਂ ਇਕੱਠੇ ਬਹਿ ਕੇ ;
ਜ਼ਾਤਾਂ ਧਰਮਾਂ ਦੇ ਭੇਦ ਨੂੰ , ਮਿਟਾਉਣ ਦਾ ਮਹੀਨਾ ।
ਗ਼ਮ ਦਿਲਾਂ ਦੇ ਭੁਲਾ ਕੇ , ਖ਼ੁਸ਼ੀ ਮੁੱਖ 'ਤੇ ਲਿਆ ਕੇ ;
ਖ਼ੁਦ ਨੱਚਣ ਤੇ ਹੋਰਾਂ ਨੂੰ , ਨਚਾਉਂਣ ਦਾ ਮਹੀਨਾ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ।**
9914836037

# "ਜੋ ਇਕ ਕੁੜੀ ਸਭ ਕੁਝ ਕਰਦੀ ਹੈ..."

ਅੱਜ ਦੀ ਕੁੜੀ ਸਿਰਫ਼ ਇਕ ਰੋਟੀ ਬਣਾਉਣ ਵਾਲੀ ਹੀ ਨਹੀਂ,
ਉਹ ਘਰ ਦੀ ਰੋਸ਼ਨੀ, ਤੇ ਸਮਾਜ ਦੀ ਇਨਕਲਾਬੀ ਹੈ।
ਸਵੇਰ ਦੀ ਸ਼ੁਰੂਆਤ ਚੁਲ੍ਹੇ ਦੀ ਅੱਗ ਨਾਲ ਕਰਦੀ ਹੈ,
ਬੱਚਿਆਂ ਦਾ ਯੂਨੀਫਾਰਮ 'ਚ ਓਹਦਾ ਪਿਆਰ ਸਿਲਿਆ ਹੁੰਦਾ ਹੈ।
ਉਹ ਸਬਕ ਵੀ ਯਾਦ ਕਰਾਉਂਦੀ ਹੈ, ਰਸੋਈ ਵੀ ਸੰਭਾਲ ਦੀ ਹੈ,
ਆਪਣੀ ਨੀਂਦ, ਆਪਣੇ ਅਰਮਾਨ, ਕਈ ਵਾਰ ਖਾਮੋਸ਼ੀ ਨਾਲ ਕੁਰਬਾਨ ਕਰ ਜਾਂਦੀ ਹੈ।
ਜਦ ਬੱਚੇ ਸਕੂਲ ਜਾਂਦੇ ਨੇ,
ਉਹ ਆਪਣੀ ਕਿਤਾਬਾਂ ਦੀ ਦੁਨੀਆ 'ਚ ਦਾਖ਼ਲ ਹੁੰਦੀ ਹੈ।
ਰਾਤ ਦੀ ਖ਼ਾਮੋਸ਼ੀ ਵਿੱਚ ਪੜ੍ਹਾਈ ਕਰਦੀ, ਆਪਣੇ ਸੁਪਨਿਆਂ ਨੂੰ ਨਵੇ ਪੰਖ ਲਾਉਂਦੀ ਹੈ।
ਉਹ ਇਕੋ ਸਮੇਂ 'ਮਾਂ', 'ਵਿਦਿਆਰਥਣ', ਨੌਕਰੀ ਕਾਰਨ ਵਾਲੀ ,
ਤੇ 'ਘਰ ਦੀ ਬੋਸ' ਬਣ ਜਾਂਦੀ ਹੈ।
ਹਰ ਰੋਜ਼ ਓਹ ਆਪਣਾ ਆਪ ਭੁਲਾ ਕੇ,
ਪਰਿਵਾਰ ਲਈ, ਭਵਿੱਖ ਲਈ, ਤੇ ਆਪਣੇ ਆਪ ਲਈ ਲੜਦੀ ਹੈ।
ਉਹ ਥੱਕਦੀ ਤਾਂ ਹੈ, ਪਰ ਰੁੱਕਦੀ ਨਹੀਂ।
ਉਹ ਰੋਦੀ ਵੀ ਕਈ ਵਾਰੀ, ਪਰ ਦਿਖਾਉਂਦੀ ਨਹੀਂ।
ਉਹ ਬਾਹਰੋਂ ਸ਼ਰੀਫ ਹੋ ਸਕਦੀ ਹੈ,
ਪਰ ਅੰਦਰੋਂ ਲੋਹੇ ਵਾਂਗ ਮਜ਼ਬੂਤ।
ਉਹ ਦੀ ਕਦਰ ਨਾ ਕਰਨਾ,
ਇੱਕ ਸੰਘਰਸ਼ ਨੂੰ ਅਣਡਿੱਠਾ ਕਰਨਾ ਹੈ।
ਉਹ ਸਿਰਫ਼ "ਘਰ ਦੀ ਔਰਤ" ਨਹੀਂ,
ਉਹ ਤਾਂ ਇਕ ਸੰਪੂਰਨ ਸੰਸਾਰ ਹੈ।
ਇਹ ਲਿਖਤ ਹਰੇਕ ਉਸ ਕੁੜੀ ਨੂੰ ਸਮਰਪਿਤ ਹੈ,
ਜੋ ਚੁੱਪਚਾਪ ਸੰਘਰਸ਼ ਕਰ ਕੇ ਵੀ
ਇਕ ਨਵਾਂ ਸਵੇਰਾ ਲਿਆਉਣ ਦਾ ਜਜ਼ਬਾ ਰੱਖਦੀ ਹੈ।



**ਬੇਅੰਤ ਕੌਰ ਸਿੱਧੂ।**
**ਬਰਨਾਲਾ।**

# ਮੋੜ ਲੈ ਸਾਵਣ.....

ਦੁੱਖ ਦੱਸਾਂ ਕੀਹਨੂੰ ਨਿਆਣੇ ਰੋਂਦੇ ਨੇ,
ਰੱਬਾ ਮੋੜ ਲੈ ਸਾਵਣ ਕੋਠੇ ਚੋਂਦੇ ਨੇ।
ਠੰਡੀ ਹਵਾ ਬਰਸਾਤ ਦੀ ਲੂ ਲੱਗਦੀ,
ਗੀਤ ਸੁਹਾਵਣੇ ਸੀਨੇ ਅੱਗ ਲਾਉਂਦੇ ਨੇ।
ਰੱਬਾ ਮੋੜ ਲੈ.....
ਸੱਪ ਜ਼ਹਿਰ ਦੇ ਸੁਪਨੇ ਸਾਰੇ ਡੰਗ ਗਏ,
ਸਾਵਣ ਜਾਨ ਹਮੇਸ਼ਾਂ ਛਿੱਕੇ ਟੰਗ ਗਏ।
ਕਦੇ ਤਾਂ ਆਊ ਮੌਸਮ ਕੋਈ ਸੁੱਖਾਂ ਦਾ,
ਕਿੰਨੇ ਵਰ੍ਹੇ ਉਡੀਕਦਿਆਂ ਹੀ ਲੰਘ ਗਏ।
ਪਾਣੀ ਕੱਢ ਦੇਹਲੀ 'ਚੋਂ ਥੱਕੇ,
ਸਾਰੀ-ਸਾਰੀ ਰਾਤ ਨਾਂ ਸੌਂਦੇ ਨੇ।
ਰੱਬਾ ਮੋੜ ਲੈ.....
ਸਾਵਣ ਸੋਹੰਦਾ ਉਹਨਾਂ ਨੂੰ,
ਜਿਹੜੇ ਪੱਕਿਆਂ ਦੇ ਵਿੱਚ ਬੈਠੇ।
ਕੰਨੀਂ ਲਟਕਣ ਵਾਲੀਆਂ ਤੇ,
ਗਲਾਂ ਵਿੱਚ ਨੱਚਦੇ ਨੇ ਕੈਂਠੇ।
ਸਾਡੇ ਤਾਂ ਹੱਥਾਂ ਵਿੱਚੋਂ ਨਿਤ,
ਕਾਂ ਵੀ ਟੁੱਕਰ ਖੋਂਹਦੇ ਨੇ।
ਰੱਬਾ ਮੋੜ ਲੈ.....
ਬਾਹਰ ਕੰਮ ਨਾ ਮਿਲਦਾ ਕੋਈ,
ਅੰਦਰ ਵੀ ਨਹੀ ਬਹਿ ਸਕਦੇ।
ਅਣਖੀਂ ਸਿਰ ਝੁੱਕਦਾ ਨਹੀਂ,
ਭੁੱਖੇ ਬੱਚੇ ਵੀ ਨਹੀ ਸਹਿ ਸਕਦੇ।
ਆਪਣਾ ਦਿਲ ਹੀ ਦੇਵੇ ਤਸੱਲੀ,
ਮੁੱਖ ਅੱਖੀਆਂ ਦੇ ਹੰਝੂ ਢੋਂਹਦੇ ਨੇ।
ਰੱਬਾ ਮੋੜ ਲੈ ਸਾਵਣ ਕੋਠੇ ਚੋਂਦੇ ਨੇ।
ਰੱਬਾ ਮੋੜ ਲੈ ਸਾਵਣ.....




**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ, ਲੁਧਿਆਣਾ।**
**ਸੰ:9464633059**

# ਗੱਲ ਸੁਣ, ਪੰਛੀ ਭੋਲਿਆ

ਗੱਲ ਸੁਣ, ਪੰਛੀ ਭੋਲਿਆ,
ਬੁਲੰਦ ਉਡਾਰਾਂ ਮਾਰ।
ਤੇਰਾ ਮੋਹ ਪਿਆ ਏਕਣ ਆਂਵਦਾ,
ਜਿਵੇਂ ਸੱਜਣ, ਬੇਲੀ, ਯਾਰ।
ਰੱਜ ਮਾਣ ਵੇ ਸੁੱਖਾਂ ਲੱਧਿਆ
ਔਧ, ਮੌਜ਼ ਘੜ੍ਹੀ ਦਿਨ-ਚਾਰ
ਪਰ ਯਾਦ ਰੱਖੀਂ ਤੂੰ ਸੋਹਣਿਆ
ਇਸ ਧਰਤ ਨਾਲ ਹੋਏ ਕਰਾਰ
ਰੰਗ, ਰੰਗਤ, ਛਬ ਰੂਪ ਨੂੰ,
ਨਿਹਾਰਾਂ, ਤੇ ਬਲਿਹਾਰ।
ਤੈਨੂੰ ਕਿਸ ਖ਼ਸਲਤ ਤਰਾਸ਼ਿਆ,
ਤੇਰਾ ਕਿਹੜਾ ਘਾੜ੍ਹਣਹਾਰ?
ਹਵਸ ਨਾ, ਤਮਾਹ, ਨਾ ਲੋਭ, ਰੋਹ,
ਤੈਨੂੰ, ਨਾ ਹਉਮੈ, ਨਾ ਖ਼ਾਰ।
ਜਿੱਡਾ ਪਰਾਂ 'ਚ ਹੌਂਸਲਾ,
ਪ੍ਰਬਲ ਨੂਰਾਨੀ ਆਕਾਰ।
ਤੂੰ ਝਿਲਮਲ ਚਾਨਣ ਜੇਹੜਾ,
ਤੇਰਾ ਨੂਰ ਅੰਬਰ ਤੋਂ ਪਾਰ।
ਉਸ ਪਾਰ, ਵੇ ਜੰਨਤ ਪਰੀਆਂ,
ਵੱਸਣ ਬਹਿਸਤ ਦਰਬਾਰ।
ਚਹਚਹਾਟ ਰੂਹਾਂ ਟੁੰਬਦੀ,
ਸੁਰ, ਹੂਕ, ਰੂਹਾਨੀ ਸਾਰ।
ਤੇਰਾ ਇਸ਼ਕ ਵੇ ਸੁੱਚਾ ਅਮਰਤਾ,
ਤੈਨੂੰ ਦੇਖ ਚੜੇ ਖੁਮਾਰ।
ਤੂੰ ਪੂਰਨ, ਤ੍ਰਿਪਤ, ਸੁਹਾਵੜਾ,
ਯੁੱਗ-ਯੁੱਗ ਵੱਸੇ ਕਲਾਕਾਰ।
ਮਸਰੂਰ ਰਹੇ ਇਹ ਵਣ-ਬੇਲਾ,
ਜੰਮ ਸੁਖਦ ਵੱਸੇ ਸੰਸਾਰ।



**ਦੀਪ ਸੰਧੂ**
+61 459 966 392



# "ਲੋੜਵੰਦਾਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਵੰਡੀਆਂ ਗਈਆਂ ਪੈਨਸ਼ਨਾਂ"

## ਟਰੱਸਟ ਵੱਲੋਂ ਪਿੰਡ ਵਿਰਕ ਕਲਾਂ ਅਤੇ ਵਿਰਕ ਖੁਰਦ ਵਿਖੇ ਲੱਗੇਗਾ ਮੈਡੀਕਲ ਕੈਂਪ – ਪ੍ਰੋ: ਜੇ. ਐਸ. ਬਰਾੜ

ਅੱਜ 16 ਜੁਲਾਈ ਨੂੰ ਗੁਰ-ਪੁਰਬ ਮੌਕੇ ਬਠਿੰਡਾ ਦੇ ਸਰਬੱਤ ਦਾ ਭਲਾ ਦਫ਼ਤਰ ਵਿਖੇ, ਟਰੱਸਟ ਦੀ ਬਠਿੰਡਾ ਟੀਮ ਵੱਲੋਂ ਲੋੜਵੰਦਾਂ ਨੂੰ ਪੈਨਸ਼ਨ ਚੈੱਕ ਵੰਡੇ ਗਏ। ਸਰਬੱਤ ਦੀ ਬਠਿੰਡਾ ਇਕਾਈ ਵਲੋਂ ਤਕਰੀਬਨ 271 ਲੋੜਵੰਦਾਂ ਨੂੰ, ਜਿਹਨਾਂ ਵਿੱਚ ਬੇਸਹਾਰਾ ਵਿਧਵਾ ਔਰਤਾਂ, ਮੈਡੀਕਲ ਤੇ ਦਿਮਾਗੀ ਤੌਰ ਤੇ ਅਪੰਗ ਵਿਅਕਤੀ ਅਤੇ ਗੰਭੀਰ ਬਿਮਾਰੀਆਂ ਤੋਂ ਪੀੜ੍ਹਤ ਮਰੀਜ਼ ਸ਼ਾਮਿਲ ਹਨ, ਨੂੰ ਮਹੀਨਾਵਾਰ ਚੈੱਕ ਵੰਡੇ ਜਾਂਦੇ ਹਨ। ਇਹ ਲੋਕ ਭਲਾਈ ਕਾਰਜ ਸਰਬੱਤ ਦਾ ਭਲਾ ਟਰੱਸਟ ਦੇ ਮੈਨਜਿੰਗ ਟਰੱਸਟੀ ਡਾਕਟਰ ਐਸ. ਪੀ. ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ, ਡਾ.ਆਰ. ਐਸ. ਅਟਵਾਲ, ਡਾ. ਡੀ.ਐਸ. ਗਿੱਲ, ਡਾਇਰੈਕਟਰ ਸਿਹਤ ਸੇਵਾਵਾਂ ਦੇ ਦਿਸ਼ਾ ਅਤੇ ਨਿਰਦੇਸ਼ਾਂ ਅਨੁਸਾਰ ਇਸ ਟਰੱਸਟ ਦੀ ਬਠਿੰਡਾ ਇਕਾਈ ਵਲੋਂ ਨੇਪਰੇ ਚਾੜ੍ਹਿਆ ਗਿਆ।




ਅੱਜ ਸਰਬੱਤ ਦਾ ਭਲਾ ਟਰੱਸਟ ਦੀ ਬਠਿੰਡਾ ਇਕਾਈ ਵਲੋਂ ਪ੍ਰਧਾਨ ਪ੍ਰੋ ਜਸਵੰਤ ਸਿੰਘ ਬਰਾੜ, ਅਮਰਜੀਤ ਸਿੰਘ ਜਨਰਲ ਸੱਕਤਰ, ਬਲਦੇਵ ਸਿੰਘ ਚਹਿਲ ਕੈਸ਼ੀਅਰ, ਪਦਮ ਸੈਨ ਗਰਗ, ਮੈਨੇਜਰ ਗੁਰਤੇਜ ਸਿੰਘ ਸਿੱਧੂ, ਪ੍ਰੀਤਮ ਸਿੰਘ, ਪ੍ਰਿੰਸੀਪਲ ਬਿਮਲਾ ਸ਼ਰਮਾ ਅਤੇ ਗੁਰਪਿਆਰ ਸਿੰਘ ਸਾਰੇ ਮੈਂਬਰ ਮੌਕੇ ਤੇ ਚੈੱਕ ਵੰਡਣ ਦੀ ਸੇਵਾ ਨਿਭਾਈ। ਸਰਬੱਤ ਦਾ ਭਲਾ ਟਰੱਸਟ ਦੀ ਬਠਿੰਡਾ ਇਕਾਈ ਦੇ ਪ੍ਰਧਾਨ, ਪ੍ਰੋ ਜਸਵੰਤ ਸਿੰਘ ਬਰਾੜ ਨੇ, ਚੈਰੀਟੇਬਲ ਟਰੱਸਟ ਵਲੋਂ ਕੀਤੇ ਜਾਂਦੇ ਵੱਖ-ਵੱਖ ਭਲਾਈ ਕਾਰਜਾਂ, ਜਿਵੇਂ ਲੋੜਵੰਦਾਂ ਨੂੰ ਪੈਨਸ਼ਨ, ਲੋੜਵੰਦ ਮਰੀਜ਼ਾਂ ਨੂੰ ਮੈਡੀਕਲ ਪੈਨਸ਼ਨ, ਮੁਫ਼ਤ ਕੰਪਿਊਟਰ ਸਿੱਖਿਆ, ਮੁਫ਼ਤ ਸਿਲਾਈ ਕਢਾਈ ਸਿੱਖਿਆ, ਅੱਖਾਂ ਦੇ ਮੁਫ਼ਤ ਆਪਰੇਸ਼ਨ ਕੈਂਪ, ਮੁਫ਼ਤ ਮੈਡੀਕਲ ਕੈਂਪ, ਮੁਫ਼ਤ ਅੱਖਾਂ ਦੇ ਆਪਰੇਸ਼ਨ ਕੈਂਪ ਸਰਕਾਰੀ ਸਕੂਲਾਂ ਦੇ ਬੱਚਿਆਂ ਦਾ ਫਰੀ ਬਲੱਡ ਗਰੁੱਪ ਟੈਸਟ, ਬਹੁਤ ਹੀ ਵਾਜਿਬ ਰੇਟਾਂ ਤੇ ਸੰਨੀ ਓਬਰਾਏ ਕਲੀਨੀਕਲ ਲੈਬੋਰੇਟਰੀਆਂ ਤਲਵੰਡੀ ਸਾਬੋ, ਮੌੜ ਮੰਡੀ, ਬਾਲਿਆਂਵਾਲੀ, ਚਾਉਕੇ, ਮਹਿਰਾਜ, ਮੰਡੀ ਕਲਾਂ, ਦਿਉਣ ਅਤੇ ਬਠਿਡਾ ਵਲੋਂ ਕੀਤੇ ਜਾਂਦੇ ਮੈਡੀਕਲ ਟੈਸਟਾਂ ਬਾਰੇ ਅਤੇ ਟਰੱਸਟ ਵਲੋਂ ਪੀਣ ਵਾਲੇ ਪਾਣੀ ਲਈ ਸੰਸਥਾਵਾਂ ਨੂੰ ਆਰ.ਓ. ਦਾਨ ਦੇਣ ਸਬੰਧੀ ਜਾਣਕਾਰੀ ਦਿੱਤੀ। ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਵਿਰਕ ਕਲਾਂ ਅਤੇ ਵਿਰਕ ਖੁਰਦ ਵਿਖੇ ਫ਼ਰੀ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਮਰੀਜਾਂ ਦੇ ਡਾਕਟਰੀ ਸਲਾਹ ਤੋਂ ਇਲਾਵਾ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ। ਆਉਣ ਵਾਲੇ ਦਿਨਾਂ ਵਿਚ ਪਿੰਡ ਦਿਉਣ, ਕਰਮਗੜ੍ਹ ਛੱਤਰਾਂ, ਚੁੱਘੇ ਕਲਾਂ, ਛੁੱਘੇ ਖੁਰਦ, ਬੁਢਲਾਡੇ ਵਾਲਾ ਅਤੇ ਬੀੜ ਬਹਿਮਣ ਵਿਖੇ ਵਿਸ਼ਾਲ ਮੈਡੀਕਲ ਕੈਂਪ ਅਤੇ ਅੱਖਾਂ ਦੇ ਆਪਰੇਸ਼ਨ ਕੈਂਪ ਲਗਾਏ ਜਾਣਗੇ। ਜਲਦ ਹੀ ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੌਸਟਿਕ ਸੈਂਟਰ ਮੱਲਵਾਲਾ ਕੰਮ ਕਰਨਾ ਸ਼ੁਰੂ ਕਰ ਦੇਵੇਗਾ।

# ਪੰਜਾਬੀ ਮੂਵੀ ਸਰਦਾਰ ਜੀ 3 ਦੇ ਸੰਬੰਧ ਵਿੱਚ

ਮਸ਼ਹੂਰ ਪੰਜਾਬੀ ਗਾਇਕ, ਗੀਤਕਾਰ, ਅਦਾਕਾਰ ਅਤੇ ਬਾਲੀਵੁੱਡ ਐਕਟਰ ਸਰਦਾਰ ਦਲਜੀਤ ਸਿੰਘ ਦੋਸਾਂਝ ਦੀ ਪੰਜਾਬੀ ਫਿਲਮ ਸਰਦਾਰ ਜੀ ਨੂੰ ਦੇਖਣ ਦਾ ਬੜਾ ਉਤਸ਼ਾਹ ਸੀ। ਉਤਸ਼ਾਹ ਦੇ ਦੋ ਕਾਰਣ ਸਨ, ਇੱਕ ਤਾਂ ਅਮਰੀਕਾ ਦੇ ਥੀਏਟਰ ਵਿੱਚ ਪਹਿਲੀ ਵਾਰੀ ਅਤੇ ਦੂਜਾ ਕਾਰਣ ਸੀ ਪਾਕਿਸਤਾਨੀ ਹੀਰੋਇਨ ਹੈਨਾ ਅਮੀਰ । ਬਹੁਤ ਸਾਰੇ ਲੋਕਾਂ ਵੱਲੋਂ ਇਸ ਫਿਲਮ ਦਾ ਵਿਰੋਧ ਹੋ ਰਿਹਾ ਸੀ ਕਿ ਇਸ ਵਿੱਚ ਪਾਕਿਸਤਾਨ ਦੀ ਹੀਰੋਇਨ ਨੂੰ ਕਿਉਂ ਲਿਆ ਗਿਆ ਹੈ। ਮੈਂ ਇਸ ਵਿਸ਼ੇ ਵਿੱਚ ਨਹੀਂ ਪੈਣਾ ਚਾਹੁੰਦਾ ਕਿਉਂਕਿ ਹਰੇਕ ਡਾਇਰੈਕਟਰ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਆਪਣੀ ਮੂਵੀ ਲਈ ਵਧੀਆ ਤੋਂ ਵਧੀਆ ਕਲਾਕਾਰਾਂ ਦੀ ਚੋਣ ਕਰਕੇ ਦਰਸ਼ਕਾਂ ਨੂੰ ਕੁਝ ਨਵਾਂ ਦੇਣ ਦੀ ਅਤੇ ਮੁਨਾਫ਼ਾ ਕਮਾਉਣ ਦੀ । ਜੋ ਫਿਲਮ ਵਿੱਚ ਦੇਖਿਆ ਅਸਲ ਵਿੱਚ ਮੈਂ ਉਹਦੇ ਉੱਤੇ ਹੀ ਆਪਣੀ ਰਾਇ ਰੱਖਣੀ ਚਾਹੁੰਦਾ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਰੇ ਕਲਾਕਾਰਾਂ ਨੇ ਆਪਣੀ ਆਪਣੀ ਭੂਮਿਕਾ ਨੂੰ ਬਹੁਤ ਵਧੀਆ ਢੰਗ ਨਾਲ ਨਿਭਾਇਆ ਜੋਕਿ ਸ਼ਲਾਘਾਯੋਗ ਹੈ। ਸਾਰੀ ਮੂਵੀ ਦੇਖਣ ਉਪਰੰਤ ਮੈਂ ਆਪਣੇ ਆਪ ਵਿੱਚ ਪੜਚੋਲ ਕਰ ਰਿਹਾ ਹਾਂ ਕਿ ਫਿਲਮ ਦਰਸ਼ਕਾਂ ਨੂੰ ਕੀ ਉਪਦੇਸ਼ ਦੇਣਾ ਚਾਹੁੰਦੀ ਹੈ। ਮੂਵੀ ਦੀ ਅੱਜ ਦੇ ਵਿਗਿਆਨਿਕ ਯੁੱਗ ਵਿੱਚ ਕੀ ਭੂਮਿਕਾ ਰਹੇਗੀ। ਜਦੋਂ ਪੂਰੇ ਸੰਸਾਰ ਵਿੱਚ ਤਕਨੀਕ ਵਿਕਸਤ ਨਹੀਂ ਸੀ ਤਾਂ ਇੱਕ ਸਧਾਰਣ ਡਾਕ ਨੂੰ ਮਿਲਣ ਲਈ ਮਹੀਨਾ ਲੱਗ ਜਾਂਦਾ ਸੀ, ਲੋਕ ਡਾਕੀਏ ਦੇ ਰਾਹਾਂ ਨੂੰ ਤੱਕਦੇ ਰਹਿੰਦੇ ਸਨ। ਪ੍ਰੰਤੂ ਅੱਜ ਸਾਇੰਸ ਨੇ ਐਨੀ ਤਰੱਕੀ ਕਰ ਲਈ ਹੈ ਕਿ ਅੱਖ ਝੱਪਕਦਿਆਂ ਹੀ ਦੂਰ ਦੁਰੇਡੇ ਬੈਠਿਆਂ ਨਾਲ ਮੋਬਾਇਲ ਤੇ ਆਪਣਿਆਂ ਨਾਲ ਗੱਲ ਕਰ ਸਕਦੇ ਹੋ। ਇਹ




ਤਰੱਕੀ ਕਿੰਨਾ ਨੇ ਕੀਤੀ ਹੈ ਭੂਤਾਂ ਨੇ ਜਾਂ ਇਨਸਾਨਾਂ ਨੇ ਕੀਤੀ ਹੈ। ਵਿਗਿਆਨ ਨੇ ਹਮੇਸ਼ਾਂ ਹੀ ਦੁਨੀਆਂ ਨੂੰ ਨਵੀਂ ਤੋਂ ਨਵੀਂ ਤਕਨੀਕ ਪ੍ਰਦਾਨ ਕੀਤੀ ਹੈ । ਵਿਗਿਆਨੀ ਜਾਂ ਕੰਪਿਊਟਰ ਦਾ ਮਾਹਰ ਤਕਨੀਕ ਨਾਲ ਜਿਸ ਤਰ੍ਹਾਂ ਵੀ ਚਾਹੇ ਉਸ ਤਰ੍ਹਾਂ ਦਾ ਬਣਾਇਆ ਜਾ ਸਕਦਾ ਹੈ। ਵਿਗਿਆਨ ਦੀ ਤਰੱਕੀ ਦਾ ਕੋਈ ਅੰਤ ਨਹੀਂ ਅੱਜ ਕੱਲ੍ਹ ਮਨੁੱਖ ਦੀ ਜਗ੍ਹਾ ਰੋਬਟ ਆ ਗਏ ਹਨ ਹੋ ਹਰੇਕ ਕੰਮ ਕਰਨ ਦੇ ਸਮਰੱਥ ਹਨ। ਤੁਸੀਂ ਪੂਰੀ ਦੁਨੀਆਂ ਘੁੰਮ ਘੁੰਮ ਕੇ ਦੇਖ ਰਹੇ ਹੋ, ਬਾਜ਼ਾਰ ਵਿੱਚ ਬਿਨ੍ਹਾ ਡਰਾਈਵਰ ਗੱਡੀਆਂ ਆ ਗਈਆਂ ਹਨ । ਜਿਆਦਾਤਰ ਭਾਰਤੀ ਮੀਡੀਆ, ਪਾਂਡੇ ਪੁਜਾਰੀ ਅਤੇ ਚਲਾਕ ਲੋਕ ਦੁਨੀਆਂ ਨੂੰ ਅਜੇ ਵੀ ਭੂਤ ਪ੍ਰੇਤਾਂ ਅਤੇ ਗ਼ੈਬੀ ਸ਼ਕਤੀਆਂ ਵਿੱਚ ਉਲਝਾਈ ਜਾ ਰਹੇ ਹਨ। ਬੁੱਧੀਮਾਨ ਅਤੇ ਵਿਗਿਆਨਿਕ ਸੋਚ ਰੱਖਣ ਵਾਲੇ ਲੋਕ ਇਸ ਫਿਲਮ ਦੀ ਕਦੇ ਵੀ ਸ਼ਲਾਘਾ ਨਹੀਂ ਕਰਨਗੇ। ਸਰਦਾਰ ਦਲਜੀਤ ਸਿੰਘ ਦੋਸਾਂਝ ਪੱਗੜੀਧਾਰੀ ਸਿੱਖ ਹੈ ਅਤੇ ਸਿੱਖ ਧਰਮ ਨੂੰ ਮੰਨਣ ਵਾਲੇ ਇਨਸਾਨ ਹੋ। ਸਾਡੇ ਮਹਾਪੁਰਸ਼ਾਂ ਨੇ ਬਾਣੀ ਵਿੱਚ ਦੁਨੀਆਂ ਨੂੰ ਸੱਚ ਅਤੇ ਨੇਕੀ ਦਾ ਰਾਹ ਦੱਸਿਆ ਹੈ, ਭੂਤ ਪ੍ਰੇਤ, ਝੂਠੀਆਂ ਗੱਲਾਂ, ਵਹਿਮ ਭਰਮ, ਕਰਮਕਾਂਡਾਂ ਨੂੰ ਰੱਜ ਕੇ ਭੰਡਿਆ ਹੈ ਪਰ ਅਸੀਂ ਲੋਕਾਂ ਨੇ ਗੁਰੂ ਮੰਨਿਆ ਪਰ ਗੁਰੂ ਦਾ ਹੁਕਮ ਨਹੀਂ ਮੰਨਿਆ। ਆਪ ਜੀ ਨੂੰ ਅਜਿਹੀਆਂ ਫ਼ਿਲਮਾਂ ਬਨਾਉਣ ਤੋਂ ਗ਼ੁਰੇਜ਼ ਕਰਨਾ ਚਾਹੀਦਾ। ਤੁਹਾਨੂੰ ਪੈਸੇ ਅਤੇ ਸ਼ੋਹਰਤ ਦੀ ਕੋਈ ਕਮੀ ਨਹੀਂ। ਇਸ ਵੇਲੇ ਪੂਰੀ ਦੁਨੀਆਂ ਵਿੱਚ ਤੁਹਾਡੀ ਤੂਤੀ ਬੋਲਦੀ ਹੈ ਕਿ ਤੁਸੀਂ ਵਧੀਆ ਅਦਾਕਾਰ ਹੋ। ਕਾਮਨਾ ਕਰਦਾ ਹਾਂ ਕਿ ਤੁਸੀਂ ਹੋਰ ਤਰੱਕੀਆਂ ਕਰੋ ਚੜ੍ਹਦੀ ਕਲਾ ਵਿਚ ਰਹੋ। ਤੁਹਾਡੀ ਸੋਚ ਬਹੁਤ ਵਧੀਆ ਹੈ ਤੁਸੀਂ ਪੰਜਾਬ, ਪੰਜਾਬੀਅਤ ਦੀ ਤਰੱਕੀ ਲਈ ਦਿਨ ਰਾਤ ਉਪਰਾਲੇ ਕਰ ਰਹੇ ਹੋ। ਦਲਜੀਤ ਸਿਹਾਂ ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਤੁਸੀਂ ਕਲਪਨਿਕ ਅਤੇ ਗੈਰ ਵਿਗਿਆਨਕ ਫ਼ਿਲਮਾਂ ਵਿੱਚ ਕੰਮ ਕਰਨ ਤੋਂ ਗ਼ੁਰੇਜ਼ ਕਰੋ ਕਿਉਂਕਿ ਤੁਹਾਡੀਆਂ ਮੂਵੀਆਂ ਬੱਚੇ ਤੋਂ ਲੈਕੇ ਹਰੇਕ ਉਮਰ ਅਤੇ ਹਰੇਕ ਵਰਗ ਦੇ ਲੋਕ ਦੇਖਦੇ ਹਨ। ਮੀਡਿਆ ਦੀ ਅੱਜ ਦੇ ਯੁੱਗ ਵਿੱਚ ਅਹਿਮ ਭੂਮਿਕਾ ਹੈ, ਮੀਡਿਆ ਜਿੱਦਾਂ ਦਾ ਪਰੋਸੇਗਾ ਉਦਾਂ ਦਾ ਹੀ ਸਮਾਜ ਦਾ ਭਵਿੱਖ ਹੋਵੇਗਾ। ਤੁਸੀਂ ਦੁਨੀਆਂ ਨੂੰ ਨਵੀਂ ਦਿਸ਼ਾ ਤੇ ਦਸ਼ਾ ਦਿਉਗੇ, ਤੁਹਾਡੇ ਕੋਲੋਂ ਸਮਾਜ ਦੇ ਬਿਹਤਰ ਭਵਿੱਖ ਦੀ ਆਸ ਕਰਦਾ ਹੋਇਆ ਆਪਣੀ ਬੇਨਤੀ ਨੂੰ ਸਮਾਪਤ ਕਰਦਾ ਹਾਂ। ਧਰਮ ਪਾਲ ਪੈਂਥਰ ਯੂ ਐਸ ਏ।



**ਧਰਮ ਪਾਲ ਪੈਂਥਰ**
**ਯੂ ਐਸ ਏ।**

# ਛੋਟੇ ਜਹਾਜ ਦੀ ਜ਼ਬਰਦਸਤੀ ਲੈਂਡਿੰਗ ਮਗਰੋਂ ਵੈਨਕੂਵਰ ਕੌਮਾਤਰੀ ਹਵਾਈ ਅੱਡੇ ਤੇ ਮਚਿਆ ਹੜਕੰਪ

## ਗਿਫਤਾਰ ਕੀਤੇ ਚਾਲਕ ਤੋਂ ਪੁੱਛ-ਗਿੱਛ ਜਾਰੀ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ)–** ਅੱਜ ਵੈਨਕੂਵਰ ਕੌਮਾਤਰੀ ਹਵਾਈ ਅੱਡੇ ਤੇ ਉਸ ਵੇਲੇ ਹੜਕੰਪ ਮੱਚ ਗਿਆ ਜਦੋਂ ਬਿਨਾਂ ਅਗਾਉ ਜਾਣਕਾਰੀ ਦਿੱਤਿਆਂ ਇੱਕ ਛੋਟੇ ਹਵਾਈ ਜਹਾਜ ਦੇ ਚਾਲਕ ਵੱਲੋਂ ਜ਼ਬਰਦਸਤੀ ਹਵਾਈ ਅੱਡੇ ਦੇ ਰਨਵੇਅ ਤੇ ਜਹਾਜ਼ ਉਤਾਰ ਲਿਆ ਗਿਆ ਜਿਸ ਮਗਰੋ ਸਥਿਤੀ ਇਕਦਮ ਗੰਭੀਰ ਬਣ ਗਈਝ ਜਿਸ ਕਾਰਨ ਕਿਸੇ ਤਰ੍ਹਾਂ ਦੀ ਸੰਭਾਵੀ ਖਤਰਨਾਕ ਸਥਿਤੀ ਨੂੰ ਟਾਲਣ ਲਈ ਸਾਰੀਆਂ ਉਡਾਣਾਂ ਨੂੰ ਕੁਝ ਸਮੇਂ ਲਈ ਰੋਕਣਾ ਪਿਆਝ ਪ੍ਰਾਪਤ ਵੇਰਵਿਆਂ ਮੁਤਾਬਿਕ ਅੱਜ ਸਵੇਰੇ ਵੈਨਕੂਵਰ ਕੌਮਾਤਰੀ ਹਵਾਈ ਅੱਡੇ ਵਾਈ .ਵੀ .ਆਰ .ਤੇ ਅਚਾਨਕ ਇੱਕ ਅਗਿਆਤ ਹਵਾਈ ਜਹਾਜ ਚਾਲਕ ਵੱਲੋਂ ਇੱਕ ਛੋਟਾ ਹਵਾਈ ਜਹਾਜ ਜਬਰਦਸਤੀ ਹਵਾਈ ਅੱਡੇ ਦੇ ਰਨਵੇਅ ਤੇ ਉਤਾਰ ਦਿੱਤਾ ਗਿਆ ਜਿਸ ਮਗਰੋਂ ਏਅਰਪੋਰਟ ਅਧਿਕਾਰੀਆਂ ਅਤੇ ਸਥਾਨਕ ਪੁਲਿਸ ਵੱਲੋਂ ਉਕਤ ਜਹਾਜ ਨੂੰ ਘੇਰਾ ਪਾ ਕੇ ਉਸਦੇ ਚਾਲਕ ਨੂੰ ਬਾਹਰ ਕੱਢਣ ਮਗਰੋਂ ਗ੍ਰਿਫਤਾਰ ਕਰ ਲਿਆ ਗਿਆ ਦੇਰ ਸ਼ਾਮ ਤੀਕ ਪ੍ਰਾਪਤ ਵੇਰਵਿਆਂ ਮੁਤਾਬਕ ਇਸ ਸਾਰੇ ਮਾਮਲੇ ਦੀ ਬਰੀਕੀ ਨਾਲ ਜਾਂਚ ਆਰੰਭ ਕਰ ਦਿੱਤੀ ਗਈ ਹੈ। ਜ਼ਿਕਰ ਯੋਗ ਹੈ ਕਿ ਪਿਛਲੇ ਦਿਨੀ ਵੀ ਕਿਸੇ ਅਗਿਆਤ ਵਿਅਕਤੀ ਵੱਲੋਂ ਫੋਨ ਰਾਹੀਂ ਵੈਨਕੂਵਰ ਕੌਮਾਤਰੀ ਹਵਾਈ ਅੱਡੇ ਤੇ ਬੰਬ ਰੱਖੇ ਜਾਣ ਦੀ ਝੂਠੀ ਧਮਕੀ ਦੇਣ ਕਾਰਨ ਵੀ ਸਾਰੀਆਂ ਹਵਾਈ ਉਡਾਨਾਂ ਨੂੰ ਕੁਝ ਸਮੇਂ ਲਈ ਰੋਕਣਾ ਪਿਆ ਸੀ।

# ਯੂਨਾਈਟਡ ਯੂਬਾ ਬ੍ਰਦਰਜ਼ ਨੇ ਕੌਮਾਂਤਰੀ ਕੈਨੇਡਾ ਕੱਪ ਜਿੱਤਿਆ

## ਮਹਿਲਾ ਵਰਗ ਵਿੱਚ ਵੈਸਟ ਕੋਸਟ ਦੀ ਟੀਮ ਜੇਤੂ ਰਹੀ

**ਵੈਨਕੂਵਰ,ਜੁਲਾਈ ( ਮਲਕੀਤ ਸਿੰਘ)**–ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੁਸਾਇਟੀ ਵਲੋਂ ਸਰੀ ਦੇ ਟਮੈਨਵਿਸ ਪਾਰਕ ਵਿਚ ਕਰਵਾਏ ਗਏ ਕੈਨੇਡਾ ਕੱਪ ਇੰਟਰਨੈਸ਼ਨਲ ਫੀਲਡ ਹਾਕੀ ਟੂਰਨਾਮੈਂਟ ਵਿੱਚ ਯੁਨਾਈਟਡ ਯੂਬਾ ਬ੍ਰਦਰਜ਼ ਦੀ ਟੀਮ ਪ੍ਰੀਮੀਅਰ ਵਰਗ ਵਿੱਚ ਜੇਤੂ ਰਹੀ।ਇਸ ਵਰਗ ਦੇ ਫਾਈਨਲ ਵਿਚ ਯੁਨਾਈਟਡ ਯੂਬਾ ਬ੍ਰਦਰਜ਼ ਨੇ ਤਸੱਵਰ ਇਲੈਵਨ ਨੂੰ 4-1 ਦੇ ਫਰਕ ਨਾਲ ਹਰਾ ਕੇ ਕੈਨੇਡਾ ਕੱਪ ਦੀ ਵਕਾਰੀ ਟਰਾਫੀ ਤੇ ਕਬਜ਼ਾ ਕਰ ਲਿਆ। ਚੈਂਪੀਅਨ ਟੀਮ ਨੂੰ ਸ਼ਾਨਦਾਰ ਟਰਾਫੀ ਤੋਂ ਇਲਾਵਾ 10,000 ਡਾਲਰ ਦੀ ਇਨਾਮੀ ਰਾਸ਼ੀ ਨਾਲ਼ ਸਨਮਾਨਿਆ ਗਿਆ ਗਿਆ ਤਸੱਵਰ ਇਲੈਵਨ ਦੀ ਟੀਮ ਨੂੰ 5000 ਡਾਲਰ ਦੀ ਇਨਾਮੀ ਰਾਸ਼ੀ ਮਿਲੀ।ਮਹਿਲਾ ਵਰਗ ਦੇ ਫਾਈਨਲ ਵਿਚ ਵੈਸਟ ਕੋਸਟ ਕਿੰਗਜ਼ ਕਲੱਬ ਤੇ ਇੰਡੀਆ ਕਲੱਬ ਵਿਚਾਲੇ ਦਿਲਚਸਪ ਮੁਕਾਬਲੇ ਦੌਰਾਨ ਵੈਸਟ ਕੋਸਟ ਕਲੱਬ ਦੀ ਟੀਮ ਜੇਤੂ ਰਹੀ। ਜੇਤੂ ਟੀਮ ਨੂੰ ਟਰਾਫੀ ਤੇ 3500 ਡਾਲਰ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ।ਇੰਡੀਆ ਕਲੱਬ ਦੀ ਟੀਮ ਨੂੰ 2000 ਡਾਲਰ ਦੀ ਰਾਸ਼ੀ ਪ੍ਰਦਾਨ ਕੀਤੀ ਗਈ।

ਟੂਰਨਾਮੈਂਟ ਦੌਰਾਨ ਦਿੱਤੇ ਗਏ ਵਿਅਕਤੀਗਤ ਇਨਾਮਾਂ ਦੌਰਾਨ ਬੈਸਟ ਫਾਰਵਰਡ ਜੇਕ ਵੈਟਨ ਆਸਟਰੇਲੀਅਨ ਖਿਡਾਰੀ, ਬੈਸਟ ਸਕੋਰਰ ਪਲੇਅਰ ਕਾਜੀ ਯਾਮਾਸਾਕੀ, ਬੈਸਟ ਡਿਫੈਂਡਰ ਮੈਕਸੀ ਯੁਨਾਈਟਡ ਯੂਬਾ ਬ੍ਰਦਰਜ, ਬੈਸਟ ਗੋਲਕੀਪਰ ਫਲੋਰੀਅਨ ਸਾਈਮਨ, ਮੋਸਟ ਵੈਲਿਊਏਬਲ ਪਲੇਅਰ ਜੋਪ ਟਰੂਸਟ ਤੇ ਫੇਅਰ ਪਲੇਅ ਐਵਾਰਡ ਦਸਮੇਸ਼ ਫੀਲਡ ਹਾਕੀ ਕਲੱਬ ਨੂੰ ਦਿੱਤਾ ਗਿਆ।ਟੂਰਨਾਮੈਂਟ ਦੌਰਾਨ ਅੰਡਰ 12, ਅੰਡਰ 14, ਅੰਡਰ 17, 55 ਪਲੱਸ ਲੀਜੈਂਡ ਡਵੀਜ਼ਨ, ਤੇ ਸੋਸ਼ਲ ਡਵੀਜ਼ਨ ਮੁਕਾਬਲੇ ਵੀ ਕਰਵਾਏ ਗਏ।ਤਿੰਨ ਦਿਨ ਚੱਲੇ ਟੂਰਨਾਮੈਂਟ ਦੌਰਾਨ ਵੈਸਟ ਕੋਸਟ ਕਿੰਗਜ਼ ਸੁਸਾਇਟੀ ਦੇ ਸੀਨੀਅਰ ਮੈਂਬਰ ਊਧਮ ਸਿੰਘ ਹੁੰਦਲ ਅਤੇ ਉਨਾ ਦੇ ਸਾਥੀਆ ਨੇ ਬਹੁਤ ਹੀ ਵਧੀਆ ਢੰਗ ਨਾਲ ਜਿੰਮੇਵਾਰੀਆਂ ਨਿਭਾਈਆਂ।ਟੂਰਨਾਮੈਂਟ ਦੌਰਾਨ ਸਰੀ ਦੀ ਮੇਅਰ ਬਰੈਂਡਾ ਲੌਕ,ਐਮਪੀ ਤੇ ਰਾਜ ਮੰਤਰੀ ਰਣਦੀਪ ਸਿੰਘ ਸਰਾਏ, ਐਮਪੀ ਸੁਖ ਧਾਲੀਵਾਲ, ਐਮ ਐਲ ਏ ਮਨਦੀਪ ਸਿੰਘ ਧਾਲੀਵਾਲ ਪੰਜਾਬ ਤੋ ਆਪ ਦੇ ਸਾਸਦ ਮੀਤ ਹੇਅਰ ਤੋਂ ਇਲਾਵਾ ਕਈ ਪ੍ਰਮੁੱਖ ਹਸਤੀਆਂ ਨੇ ਹਾਜ਼ਰੀ ਭਰੀ ਤੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ।ਇਨਾਮਾਂ ਦੀ ਵੰਡ ਸਮੇਂ ਐਮਐਲਏ ਮਨਦੀਪ ਸਿੰਘ ਧਾਲੀਵਾਲ, ਉਘੇ ਬਿਜਨੈਸਮੈਨ ਹਰਮੀਤ ਸਿੰਘ ਖੁੱਡੀਆਂ, ਗੁਰਮਿੰਦਰ ਸਿੰਘ ਪਰਿਹਾਰ,ਨਰਿੰਦਰ ਗਰੇਵਾਲ, ਕ੍ਰਿਪਾਲ ਸਿੰਘ ਮਾਂਗਟ, ਅਜਮੇਰ ਸਿੰਘ ਢਿੱਲੋਂ ਸਾਬਕਾ ਚੇਅਰਮੈਨ, ਉਘੀ ਮਹਿਲਾ ਆਗੂ ਤ੍ਰਿਪਤ ਅਟਵਾਲ,ਹਾਕੀ ਉਲੰਪੀਅ ਤੋਚੀ ਸੰਧੂ, ਗੁਰਜੰਟ ਸਿੰਘ ਸੰਧੂ,ਸੁਸਾਇਟੀ ਦੇ ਅਹੁਦੇਦਾਰ ਤੇ ਹੋਰ ਕਈ ਸ਼ਖਸੀਅਤਾਂ ਹਾਜ਼ਰ ਸਨ।





ਟੂਰਨਾਮੈਂਟ ਦੀਆਂ ਵੱਖ ਵੱਖ ਤਸਵੀਰਾਂ।

# "ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ ਹੋਇਆ"




**ਬਰੈਂਪਟਨ ( ਰਮਿੰਦਰ ਵਾਲੀਆ ) :-** 13 ਜੁਲਾਈ ਦਿਨ ਐਤਵਾਰ ਨੂੰ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ (ਕਾਵਿ ਮਿਲਣੀ )ਵੈਬੀਨਾਰ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਸੰਸਾਰ ਭਰ ਵਿੱਚੋਂ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਸ਼ਾਮੂਲੀਅਤ ਕੀਤੀ । ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਹਾਜ਼ਰੀਨ ਮੈਂਬਰਜ਼ ਨੂੰ ਰਸਮੀ ਜੀ ਆਇਆਂ ਇਹ ਕਹਿ ਕੇ ਕਿਹਾ ਕਿ :-

" ਤੁਸੀਂ ਘਰ ਅਸਾਡੇ ਆਏ , ਅਸੀਂ ਫੁੱਲੇ ਨਹੀਂ ਸਮਾਏ "

ਵੈਬੀਨਾਰ ਦਾ ਸੰਚਾਲਨ ਨਾਮਵਰ ਸ਼ਖ਼ਸੀਅਤ , ਸਿੰਗਰ , ਐਂਕਰ , ਟੀ ਵੀ ਹੋਸਟ ਤੇ ਅਨਰਜੀ ਹੀਲਰ ਤੇ ਸਟੇਜ ਦੀ ਧਨੀ ਬਹੁਤ ਪਿਆਰੀ ਦੋਸਤ ਮੀਤਾ ਖੰਨਾ ਜੀ ਨੇ ਕੀਤਾ ਜੋ ਬਹੁਤ ਕਾਬਿਲੇ ਤਾਰੀਫ਼ ਸੀ ।ਮੀਤਾ ਜੀ ਨੇ ਦੱਸਿਆ ਕਿ ਸ਼ਿਵ ਸੱਭ ਤੋਂ ਜ਼ਿਆਦਾ ਗਾਇਆ ਜਾਣ ਵਾਲਾ ਕਵੀ ਸੀ ਤੇ ਆਪ ਵੀ ਬਹੁਤ ਖ਼ੂਬਸੂਰਤ ਗਾਉਂਦੇ ਸਨ । ਰਿੰਟੂ ਭਾਟੀਆ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਹੋ ਰਹੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ਅਤੇ ਸ਼ਿਵ ਦਾ ਇਕ ਗੀਤ ( ਗ਼ਮਾਂ ਦੀ ਰਾਤ ਲੰਮੀ ਏ ) ਆਪਣੀ ਸੁਰੀਲੀ ਅਵਾਜ਼ ਵਿਚ ਸੁਣਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ ।ਸੁਰਜੀਤ ਕੌਰ ਨੇ ਹਾਜ਼ਰੀਨ ਮੈਂਬਰਜ਼ ਨੂੰ ਨਿੱਘਾ ਜੀ ਆਇਆਂ ਕਿਹਾ । ਸੁਰਜੀਤ ਜੀ ਨੇ ਕਿਹਾ ਕਿ ਸ਼ਿਵ ਕੁਮਾਰ ਬਟਾਲਵੀ ਸਾਡਾ ਉੱਚ ਦਮਾਲੜਾ ਕਵੀ ਸੀ ਤੇ ਹੈ ਵੀ । ਸਾਡੀਆਂ ਯਾਦਾਂ ਵਿਚ ਸ਼ਿਵ ਹਮੇਸ਼ਾਂ ਹੈ ਤੇ ਰਹੇਗਾ ਵੀ । ਸ਼ਿਵ ਨੂੰ 25 ਸਾਲ ਦੀ ਉਮਰ ਵਿਚ ਭਰਪੂਰ ਸ਼ੋਹਰਤ ਮਿਲ ਗਈ ਸੀ ਤੇ ਸ਼ਿਵ ਨੂੰ 28 ਸਾਲ ਦੀ ਉਮਰ ਵਿਚ ਸਾਹਿਤ ਅਕਾਡਮੀ ਦਾ ਅਵਾਰਡ ਵੀ ਮਿਲਿਆ । 37 ਸਾਲ ਦੀ ਉਮਰ ਵਿਚ ਸ਼ਿਵ ਸਾਨੂੰ ਅਲਵਿਦਾ ਵੀ ਆਖ ਗਏ ਸਨ ।ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੀਫ਼ ਪੈਟਰਨ ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਸੱਭ ਦਾ ਸਵਾਗਤ ਕਰਦਿਆਂ ਕਿਹਾ ਕਿ ਜੱਦ ਅਸੀਂ ਸੱਭ ਮੈਂਬਰਜ਼ ਟੀਮ ਵਰਕ ਕਰਦੇ ਹਾਂ ਤੇ ਉਹ ਇੱਕ ਪਰਿਵਾਰ ਬਣ ਜਾਂਦਾ ਹੈ । ਉਹਨਾਂ ਨੇ ਸੰਸਥਾ ਦੀ ਤੇ ਪ੍ਰਬੰਧਕਾਂ ਦੀ ਸਰਾਹਨਾ ਵੀ ਕੀਤੀ ਕਿ ਐਨੇ ਲੰਬੇ ਸਮੇਂ ਤੋਂ ਵਧੀਆ ਪ੍ਰੋਗਰਾਮ ਕਰ ਰਹੇ ਹੋ । ਉਹਨਾਂ ਨੇ ਕਿਹਾ ਸ਼ਿਵ ਨੇ ਸਾਨੂੰ ਐਨਾ ਕੁਝ ਦਿੱਤਾ ਹੈ ਕਿ ਅਸੀਂ ਭੁੱਲ ਨਹੀਂ ਸਕਦੇ । ਸ਼ਿਵ ਇਕ ਬਹੁਤ ਵਧੀਆ ਸ਼ਾਇਰ ਸੀ ਤੇ ਇਸੇ ਲਈ ਉਸਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਹੈ । ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ :- ਇਕਬਾਲ ਬਰਾੜ ਜੀ ਨੇ " ਮੈਂ ਕੰਡਿਆਲੀ ਥੋਰ ਵੇ ਸੱਜਣਾ " ਆਪਣੀ ਬਹੁਤ ਪਿਆਰੀ ਤੇ ਦਿਲ ਟੂੰਬਵੀਂ ਅਵਾਜ਼ ਵਿਚ ਗਾ ਕੇ ਸੁਣਾਇਆ । ਵਿਸ਼ੇਸ਼ ਮਹਿਮਾਨ :- ਤ੍ਰੈਲੋਚਨ ਲੋਚੀ ਨੇ ਆਪਣੀ ਖ਼ੂਬਸੂਰਤ ਅਵਾਜ਼ ਵਿਚ " ਰੂਹਦਾਰੀਆਂ ਨੇ ਕਿੱਥੇ , ਕਿੱਥੇ ਨੇ ਨੇਕ ਬੰਦੇ " ਤਰੁੰਨਮ ਵਿਚ ਗਾ ਕੇ ਸੁਣਾਇਆ । ਪ੍ਰੀਤ ਮਨਪ੍ਰੀਤ ,ਦਵਿੰਦਰ ਕੌਰ ਢਿੱਲੋਂ ਸਤਿਕਾਰਿਤ ਕਵੀ :- ਰਾਣੀ ਕਾਹਲੋਂ ,ਹਰਜੀਤ ਬਮਰਾਹ , ਨਦੀਮ ਅਫ਼ਜ਼ਲ , ਕੁਲਦੀਪ ਦਰਾਜਕੇ , ਦਲਜੀਤ ਸਿੰਘ , ਜਗਦੀਸ਼ ਕੌਰ ਢਿੱਲੋਂ , ਹਰਭਜਨ ਕੌਰ ਗਿੱਲ , ਐਡਵੋਕੇਟ ਨੀਲਮ ਨਾਰੰਗ , ਸੁਰਿੰਦਰ ਸਰਾਏ ਕਵੀ ਤੇ ਸਿੰਗਰ , ਸ . ਇੰਦਰਜੀਤ ਸਿੰਘ ਅਤੇ ਪ੍ਰਵੀਨ ਰਾਗ ਸਨ । ਹਰ ਵਾਰ ਦੀ ਤਰਾਂ ਇਸ ਵਾਰ ਵੀ ਬਹੁਤ ਸਾਰੇ ਨਵੇਂ ਕਵੀਆਂ ਨੂੰ ਪ੍ਰੋਗਰਾਮ ਵਿੱਚ ਲਿਆ ਗਿਆ ਸੀ । ਮੀਤਾ ਖੰਨਾ ਨੇ ਕਵੀਆਂ ਦੀ ਰਸਮੀ ਜਾਣ ਪਹਿਚਾਣ ਕਰਾਉਂਦੇ ਹੋਏ ਸੱਭ ਨੂੰ ਆਪਣੀ ਵਾਰੀ ਤੇ ਰਚਨਾ ਪੇਸ਼ ਕਰਨ ਲਈ ਕਿਹਾ ਗਿਆ । ਜ਼ਿਆਦਾ ਕਵੀਆਂ ਨੇ ਆਪਣੀਆਂ ਰਚਨਾਵਾਂ ਨੂੰ ਤਰੁੰਨਮ ਵਿੱਚ ਪੇਸ਼ ਕੀਤਾ । ਜ਼ਿਆਦਾ ਸ਼ਾਇਰਾਂ ਨੇ ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਨੂੰ ਬਹੁਤ ਸੁਰੀਲੇ ਸੁਰਾਂ ਵਿੱਚ ਪੇਸ਼ ਕੀਤਾ । ਦੇਸ਼ਾਂ ਵਿਦੇਸ਼ਾਂ ਤੋਂ ਬਹੁਤਾਤ ਵਿੱਚ ਨਾਮਵਰ ਸ਼ਖ਼ਸੀਅਤਾਂ , ਸਾਹਿਤਕਾਰਾਂ ਤੇ ਸ਼ਾਇਰਾਂ ਨੇ ਸ਼ਿਰਕਤ ਕੀਤੀ । ਮੀਤਾ ਖੰਨਾ ਜੀ ਨੇ ਆਪਣੀ ਸੁਰੀਲੀ ਅਵਾਜ਼ ਵਿਚ ਗਾ ਕੇ ਇਹ ਗੀਤ ਸ਼ਿਵ ਦਾ ਸੁਣਾਇਆ " ਕਬਰਾਂ ਉਡੀਕਦੀਆਂ ਜਿਵੇਂ ਪੁੱਤਰਾਂ ਨੂੰ ਮਾਵਾਂ " ਆਖੀਰ ਵਿੱਚ ਚੇਅਰਮੈਨ ਸ : ਪਿਆਰਾ ਸਿੰਘ ਕੁੱਦੋਵਾਲ ਜੀ ਨੇ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਦਾ ਮੋਹ ਭਿੱਜੇ ਸ਼ਬਦਾਂ ਨਾਲ ਧੰਨਵਾਦ ਕੀਤਾ ਤੇ ਹਮੇਸ਼ਾਂ ਵਾਂਗ ਆਪਣੇ ਵਿਲੱਖਣ ਅੰਦਾਜ਼ ਵਿੱਚ ਪ੍ਰੋਗਰਾਮ ਨੂੰ ਸਮਅੱਪ ਵੀ ਕੀਤਾ । ਉਹਨਾਂ ਕਿਹਾ ਸ਼ਿਵ ਨੇ ਬਹੁਤ ਸਾਰੇ ਵਿਸ਼ਿਆਂ ਤੇ ਕਵਿਤਾਵਾਂ ਲਿਖੀਆਂ। ਪਿਆਰਾ ਸਿੰਘ ਜੀ ਨੇ ਕਿਹਾ ਕਿ ਨਦੀਮ ਦੀ ਸ਼ਾਇਰੀ ਵਿਚ ਤਾਜਲੁਮ ਕਲੀਮ ਦੀ ਸ਼ਾਇਰੀ ਦੀ ਝਲਕ ਮਿਲਦੀ ਹੈ । ਪਿਆਰਾ ਸਿੰਘ ਜੀ ਨੇ ਹਰ ਸ਼ਾਇਰ ਦੀ ਰਚਨਾ ਤੇ ਆਪਣੀਆਂ ਬਹੁਤ ਹੀ ਭਾਵਪੂਰਤ ਟਿੱਪਣੀਆਂ ਨੂੰ ਪੇਸ਼ ਕੀਤਾ ।ਪਿਆਰਾ ਸਿੰਘ ਕੁੱਦੋਵਾਲ ਜੀ ਨੇ ਆਪਣੇ ਕਾਲਜ ਸਮੇਂ ਦਾ ਮਨ ਪਸੰਦੀਦਾ ਗੀਤ " ਮੈਨੂੰ ਤਾਂ ਮੇਰੇ ਦੋਸਤਾ ਮੇਰੇ ਗ਼ਮ ਨੇ ਮਾਰਿਆ " ਬਹੁਤ ਸੁਰੀਲੀ ਦਰਦਭਿੱਜੀ ਅਵਾਜ਼ ਵਿਚ ਗਾ ਕੇ ਸੁਣਾਇਆ । ਸੱਭ ਦੀ ਫਰਮਾਇਸ਼ ਤੇ ਸਰਪ੍ਰਸਤ ਸੁਰਜੀਤ ਕੌਰ ਨੇ ਸ਼ਿਵ ਦੀ ਦਿਲ ਟੂੰਬਵੀਂ ਰਚਨਾ " ਹਿਜੜਾ " ਨੂੰ ਪੇਸ਼ ਕੀਤਾ । ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਇਹ ਕਾਵਿ ਮਿਲਣੀ ਸੱਚਮੁੱਚ ਯਾਦਗਾਰ ਹੋ ਨਿਬੜੀ ਹੈ ਤੇ ਅਮਿੱਟ ਪੈੜਾਂ ਛੱਡਦੀ ਹੋਈ ਸਮਾਪਤ ਹੋਈ । ਧੰਨਵਾਦ ਸਹਿਤ । **ਰਮਿੰਦਰ ਰੰਮੀ ।**



ਰਮਿੰਦਰ ਰੰਮੀ।

# ਲੀਗਲ ਅਵੇਅਰਨੈਸ ਮੰਚ ਵਲੋਂ ਨਵੇਂ ਬਣੇ ਵਕੀਲਾਂ ਨੂੰ ਸੰਵਿਧਾਨ ਦੀਆਂ ਕਾਪੀਆਂ ਵੰਡੀਆਂ

**ਜਲੰਧਰ (ਪਰਮਜੀਤ ਜੱਸਲ)**–ਲੀਗਲ ਅਵੇਅਰਨੈਸ ਮੰਚ ਪੰਜਾਬ ਵਲੋਂ ਭਾਰਤ ਦੇ ਸੰਵਿਧਾਨ ਬਾਰੇ ਜਾਗ੍ਰਤੀ ਮੁਹਿੰਮ ਚਲਾਈ ਗਈ ਹੈ। ਇਸ ਪ੍ਰੋਗਰਾਮ ਤਹਿਤ ਭਾਰਤ ਦੇ ਸੰਵਿਧਾਨ ਦੀਆਂ ਕਾਪੀਆਂ ਨਵੇਂ ਬਣੇ ਵਕੀਲਾਂ ਵਿੱਚ ਵੰਡੀਆਂ ਜਾ ਰਹੀਆਂ ਹਨ। ਅੱਜ ਐਡਵੋਕੇਟ ਰਾਜਵਿੰਦਰ ਕੌਰ ਅਤੇ ਕੁਝ ਹੋਰ ਵਕੀਲਾਂ ਨੂੰ ਭਾਰਤ ਦੇ ਸੰਵਿਧਾਨ ਦੀਆਂ ਕਾਪੀਆਂ ਵੰਡੀਆਂ ਗਈਆਂ। ਇਸ ਮੌਕੇ ਸ਼੍ਰੀਮਤੀ ਕਸ਼ਮੀਰ ਕੌਰ ਸਾਂਪਲਾ ਬਰਮਿੰਘਮ ਇੰਗਲੈਂਡ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਜਿਨਾਂ ਨੇ ਭਾਰਤ ਦੇ ਸੰਵਿਧਾਨ ਦੀਆਂ 20 ਕਿਤਾਬਾਂ ਮੁਫਤ ਵੰਡਣ ਵਾਸਤੇ ਲੀਗਲ ਅਵੇਅਰਨੈਸ ਮੰਚ ਦੀ ਮੱਦਦ ਕੀਤੀ। ਇਸ ਮੌਕੇ 'ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਲਿਖੀ ਖੋਜ ਭਰਪੂਰ ਕਿਤਾਬ



"ਰੁਪਏ ਦੀ ਸਮੱਸਿਆ" ਦੇ 100 ਸਾਲ ਪੂਰੇ ਹੋਣ 'ਤੇ ਚਰਚਾ ਕੀਤੀ ਗਈ। ਇਸ ਮੌਕੇ ਐਡਵੋਕੇਟ ਰਜਿੰਦਰ ਕੁਮਾਰ ਆਜ਼ਾਦ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਰਾਜ ਕੁਮਾਰ ਬੈਂਸ ,ਐਡਵੋਕੇਟ ਅਮਰਜੀਤ ਮਹੇ, ਐਡਵੋਕੇਟ ਦੀਪਕ, ਐਡਵੋਕੇਟ ਜਸਵਿੰਦਰ ਪਾਲ , ਐਡਵੋਕੇਟ ਮੋਹਨ ਲਾਲ ਫਿਲੌਰੀਆ , ਐਡਵੋਕੇਟ ਆਰ. ਕੇ. ਚੌਪੜਾ ਅਤੇ ਐਡਵੋਕੇਟ ਰੋਸ਼ਨ ਲਾਲ ਦੁੱਗ ਆਦਿ ਹਾਜ਼ਰ ਸਨ।

# ਡਾ. ਅੰਬੇਡਕਰ ਸਕੂਲ ਬੁਲੰਦਪੁਰ ਵਿੱਚ 35ਵਾਂ ਸਥਾਪਨਾ ਦਿਵਸ ਮਨਾਇਆ ਗਿਆ

**ਜਲੰਧਰ (ਪਰਮਜੀਤ ਜੱਸਲ)**–ਅੱਜ ਡਾਕਟਰ ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ,ਜਲੰਧਰ ਦਾ 35ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਸ਼ੁੱਭ ਦਿਨ 'ਤੇ ਬਾਬਾ ਸਾਹਿਬ ਜੀ ਨੂੰ ਫੁੱਲਾਂ ਦੇ ਹਾਰ ਭੇਂਟ ਕਰਦੇ ਹੋਏ ਐਡਵੋਕੇਟ ਹਰਭਜਨ ਸਾਂਪਲਾ, ਸਕੂਲ ਦੇ ਪ੍ਰਿੰਸੀਪਲ ਤੇ ਹੋਰ ਬੁੱਧੀਜੀਵੀ। ਇਸ ਮੌਕੇ 'ਤੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਜੀ ਦੇ ਨਾਂ 'ਤੇ ਚੱਲ ਰਿਹਾ ਸਕੂਲ 16 ਜੁਲਾਈ 1991 ਨੂੰ, ਬਾਬਾ ਸਾਹਿਬ ਜੀ ਦੇ ਸ਼ਤਾਬਦੀ ਵਰ੍ਹੇ ਵਿੱਚ ਖੋਲ੍ਹਿਆ ਗਿਆ ਸੀ। ਜਿਸ ਦਾ ਉਦਘਾਟਨ ਉੱਘੇ ਅੰਬੇਡਕਰੀ ਆਗੂ ਡਾ. ਜੀ.ਸੀ. ਕੌਲ ਵੱਲੋਂ ਕੀਤਾ ਗਿਆ ਸੀ। ਉਹਨਾਂ ਬਾਬਾ ਸਾਹਿਬ ਵੱਲੋਂ ਖੋਜ ਭਰਪੂਰ ਕਿਤਾਬ "ਪ੍ਰੋਬਲਮ ਆਫ ਰੁਪੀਸ" ਦੇ 100 ਸਾਲ ਪੂਰੇ ਹੋਣ ਦੀ ਵੀ ਚਰਚਾ ਕੀਤੀ ਗਈ, ਜਿਸ ਦੇ ਆਧਾਰ 'ਤੇ ਭਾਰਤ ਸਰਕਾਰ ਨੇ "ਰਿਜਰਵ ਬੈਂਕ ਆਫ ਇੰਡੀਆ" ਨੂੰ ਹੋਂਦ ਵਿਚ ਲਿਆਂਦਾ। ਐਡਵੋਕੇਟ ਹਰਭਜਨ ਸਾਂਪਲਾ ਜੀ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਸਥਾਪਨਾ ਦਿਵਸ ਦੀਆਂ



ਵਧਾਈਆਂ ਦਿੱਤੀਆਂ। ਇਸ ਮੌਕੇ 'ਤੇ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਟੌਫੀਆਂ, ਲੋੜਵੰਦ ਵਿਦਿਆਰਥੀਆਂ ਨੂੰ ਕਾਪੀਆਂ , ਕਿਤਾਬਾਂ ਅਤੇ ਹੋਰ ਸਮੱਗਰੀ ਫਰੀ ਵੰਡੀ ਗਈ। ਸਕੂਲ ਦੇ ਸਟਾਫ ਨੂੰ ਵੀ ਰਿਫੈਸ਼ਮੈਂਟ ਦਿੱਤੀ ਗਈ। ਵਿਦਿਆਰਥੀ ਤੇ ਸਟਾਫ ਬਹੁਤ ਖੁਸ਼ ਸਨ। ਕਿਉਂਕਿ ਹਰ ਸਾਲ ਬੋਰਡ ਦੀਆਂ ਕਲਾਸਾਂ ਦਾ ਨਤੀਜਾ 100% ਆਉਂਦਾ ਹੈ । ਅੱਜ ਦੇ ਇਸ ਮੌਕੇ 'ਤੇ ਫੋਨ ਰਾਹੀਂ ਦੇਸ਼ਾਂ ਵਿਦੇਸ਼ਾਂ ਤੋਂ ਪ੍ਰਿੰਸੀਪਲ ਜੀ ਨੂੰ ਵਧਾਈਆਂ ਦੇ ਸੰਦੇਸ਼ ਆ ਰਹੇ ਹਨ। ਪ੍ਰਿੰਸੀਪਲ ਜੀ ਨੇ ਦੇਸ਼ ਵਿਦੇਸ਼ ਤੋਂ ਸਾਰੇ ਬੁੱਧੀਜੀਵੀ ਤੇ ਮਿਸ਼ਨਰੀ ਸਾਥੀਆਂ ਦਾ ਸਕੂਲ ਦੇ ਸਥਾਪਨਾ ਦਿਵਸ 'ਤੇ ਵਧਾਈਆਂ ਦੇਣ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ। ਵਾਇਸ ਪ੍ਰਿੰਸੀਪਲ ਸ਼੍ਰੀਮਤੀ ਸਤਵਿੰਦਰ ਕੌਰ ਨੇ ਵੀ ਇਸ ਮੌਕੇ 'ਤੇ ਸਭ ਨੂੰ ਵਧਾਈ ਦਿੱਤੀ।

# ਲਾਹੌਰੀ ਰਾਮ ਬਾਲੀ ਜੀ ਦੇ 95 ਵੇਂ ਜਨਮ ਦਿਵਸ ਨੂੰ ਸਮਰਪਿਤ ਗੀਤ "ਕੌਮੀ ਯੋਧਾ"ਤਿਆਰ

## 20 ਜੁਲਾਈ 2025 ਨੂੰ ਹੋਵੇਗਾ ਸਮਰਪਿਤ

ਉੱਘੇ ਅੰਬੇਡਕਰੀ ਮਹਾਨ ਚਿੰਤਕ ਅੰਤਰਰਾਸ਼ਟਰੀ ਬੁੱਧੀਜੀਵੀ,ਨਿਧੜਕ ਲੀਡਰ ,ਅਤੇ ਭੀਮ ਪ੍ਰਤਿਕਾ ਅਖ਼ਬਾਰ ਦੇ ਮੁੱਖ ਸੰਪਾਦਕ ,ਲਾਹੌਰੀ ਰਾਮ ਬਾਲੀ ਜੀ ਦੇ 95 ਵੇਂ ਜਨਮ ਦਿਵਸ (20ਜੁਲਾਈ2025) ਨੂੰ ਸਮਰਪਿਤ ਮੇਰੇ ਵੱਲੋਂ ਲਿਖਿਆ ਗੀਤ "ਕੌਮੀ ਯੋਧਾ" ਜਿਸ ਨੂੰ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਪੰਜਾਬ ਦੇ ਪ੍ਰਸਿੱਧ ਫ਼ਨ ਕਾਰ ਸੰਨੀ ਸਲੀਮ ਨੇ ਗਾਇਆ ਹੈ ਇਸ ਗੀਤ ਨੂੰ ਮੇਰੇ ਛੋਟੇ ਭਾਈ ਡਾ. ਮਹਿੰਦਰ ਸੰਧੂ ਨੇ ਕੰਪੋਜ਼ ਕੀਤਾ ਇਸ ਦਾ ਸੰਗੀਤ ਕੈਂਡੀ ਬੀਟਸ (ਰੋਹਿਤ) ਨੇ ਬੜੀ ਲਗਨ ਨਾਲ ਤਿਆਰ ਕੀਤਾ ਅਤੇ ਇਸ ਦੀ ਵੀਡੀਓਗ੍ਰਾਫੀ ਜੇ.ਪੀ ਮਹਿਮੀ ਨੇ ਕੀਤੀ ਹੈ। ਸਾਥੀਓ ! ਬਾਲੀ ਸਾਹਿਬ ਸਾਡੇ ਸਮਾਜ ਦੇ ਉਹ ਆਗੂ ਸਨ । ਜਿਨਾਂ ਨੂੰ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਦੇ ਸੰਪਰਕ ਵਿੱਚ ਰਹਿ ਕੇ ਬਹੁਤ ਕੁਝ ਸਿੱਖਣ ਦਾ ਮਾਣ ਹਾਸਲ ਹੈ ਉਹਨਾਂ ਨੇ ਅੰਬੇਡਕਰ ਮਿਸ਼ਨ ਨਾਲ ਸੰਬੰਧਿਤ 100 ਤੋਂ ਵੱਧ ਕਿਤਾਬਾਂ ਲਿਖੀਆਂ ਉਹ ਭਾਰਤ ਦੇ ਪਹਿਲੇ ਐਸੇ ਦਲਿਤ ਲੇਖਕ ਸਨ ਜਿਨਾਂ ਦੀਆਂ ਕਿਤਾਬਾਂ 'ਤੇ ਸਰਕਾਰਾਂ ਵੱਲੋਂ ਸੱਚ ਲਿਖਣ ਕਰਕੇ ਪਾਬੰਦੀ ਲਾਈ ਗਈ, ਦੱਬੇ ਕੁਚਲੇ ਸਮਾਜ ਨੂੰ ਜਾਗ੍ਰਿਤ ਕਰਨ ਬਦਲੇ ਦਰਜਨਾ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ ਫਿਨੀਆਂ ਮੁਸ਼ਕਲਾਂ,ਔਕੜਾਂ,ਦੁਸ਼ਵਾਰੀਆਂ, ਗੱਦਾਰੀਆਂ ਦੇ ਬਾਵਜੂਦ ਉਹ ਕਦੇ ਵੀ ਆਪਣੇ ਮਿਸ਼ਨ ਤੋਂ





ਭਟਕੇ ਨਹੀਂ ਏਸੇ ਕਰਕੇ ਅੱਜ ਉਹਨਾਂ ਦਾ ਨਾਮ ਸਮਾਜਿਕ ਕ੍ਰਾਂਤੀ ਦਾ ਪ੍ਰਤੀਕ ਅਖਵਾਉਂਦਾ ਹੈ ਤਾਂ ਹੀ ਅੱਜ ਅੰਬੇਡਕਰ ਮਿਸ਼ਨ ਵਿੱਚ ਕੰਮ ਕਰਦੇ ਦੁਨੀਆ ਭਰ ਦੇ ਲੱਖਾਂ ਲੋਕਾਂ ਲਈ ਉਹਨਾਂ ਦਾ ਨਾਮ ਪ੍ਰੇਰਨਾ ਦਾ ਸਬੱਬ ਬਣ ਚੁੱਕਾ ਹੈ, ਇਸ ਲਈ ਮੈਨੂੰ ਇਸ ਗਲ ਦਾ ਮਾਣ ਹੈ ਕਿ ਮੈਂ ਇਸ ਪੱਧਰ ਦੀ ਮਹਾਨ ਸ਼ਖ਼ਸੀਅਤ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਗੀਤ ਲਿਖ ਪਾਇਆ ਹਾਂ। ਇਹ ਗੀਤ 20 ਜੁਲਾਈ 2025 ਨੂੰ ਅੰਬੇਡਕਰ ਭਵਨ ਜੰਲਧਰ ਵਿਖੇ ਰਿਲੀਜ਼ ਕੀਤਾ ਜਾਵੇਗਾ।

# ਵਿਗਿਆਨਕ ਵਿਚਾਰਾਂ ਦੇ ਧਾਰਨੀ ਹੋਣਾ ਵਕ਼ਤ ਦੀ ਮੁੱਖ ਲੋੜ - ਤਰਕਸ਼ੀਲ

## ਅੰਧਵਿਸ਼ਵਾਸ ਲੋਕਾਂ ਦੀ ਜਾਨ ਦੇ ਖੋਹ -ਮਾਸਟਰ ਪਰਮ ਵੇਦ

ਅਜ ਦਾ ਯੁੱਗ ਵਿਗਿਆਨ/ਕੰਮਪਿਊਟਰ ਦਾ ਯੁੱਗ ਹੈ ਇਸ ਤੋਂ ਅੱਗੇ ਵੀ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ)ਦਾ ਯੁੱਗ ਬਣ ਗਿਆ ਹੈ ਪਰ ਦੂਜੇ ਪਾਸੇ ਭਾਰਤ ਵਿਚ ਵਿਗਿਆਨਿਕ ਸੋਚ ਦੀ ਥਾਂ ਅੰਧਵਿਸ਼ਵਾਸ ਵੀ ਆਮ ਗਲ ਹੈ। ਵਿਗਿਆਨਕ ਤਕਨੀਕਾਂ ਦੇ ਨਾਲੋਂ ਨਾਲ ਇਸ ਸਮੇਂ ਅੰਧਵਿਸ਼ਵਾਸ ਵੀ ਵਧ ਫੁੱਲ ਰਿਹਾ ਹੈ। ਭਾਵੇਂ ਵਿਗਿਆਨ ਤਰੱਕੀ ਕਰ ਰਿਹਾ ਹੈ ਤੇ ਆਏ ਦਿਨ ਨਵੀਂਆਂ ਵਿਗਿਆਨਕ ਖੋਜਾਂ ਦਾ ਪਸਾਰਾ ਵੱਧ ਰਿਹਾ ਹੈ। ਪਰ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਨਹੀਂ ਹੋ ਰਿਹਾ।ਇੱਥੇ ਤਾਂ ਜੱਜ ਤਕ ਵੀ ਕਹਿ ਸਕਦਾ ਹੈ ਕਿ ਮੋਰਨੀ ਮੋਰ ਦੇ ਹੰਝੂਆਂ ਨਾਲ ਗਰਭਵਤੀ ਹੋ ਜਾਂਦੀ ਹੈ। ਕਰੋਨਾ ਤਾਲੀ ਥਾਲੀ ਖੜਕਾਉਣਾ ਨਾਲ ਡਰ ਕੇ ਭਜ ਜਾਵੇਗਾ।

ਮੀਡੀਏ ਰਾਹੀਂ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ, ਪੁੱਛਾਂ ਦੇਣ ਵਾਲਿਆਂ ਰਾਹੀਂ ਰਾਤ ਦਿਨ ਅੰਧਵਿਸ਼ਵਾਸ ਫੈਲਾਇਆ ਜਾ ਰਿਹਾ ਹੈ । ਜੇ ਕਿਸੇ ਦੇ ਘਰ ਵਿਚ ਬੱਚਾ ਨਹੀਂ ਪੈਦਾ ਹੁੰਦਾ ਤੇ ਉਹ ਘਰ ਤਾਂਤਰਿਕਾਂ, ਅਖੌਤੀ ਸਿਆਣਿਆਂ ਤੇ ਪੁੱਛਾਂ ਦੇਣ ਵਾਲਿਆਂ ਤੇ ਵਿਸ਼ਵਾਸ ਕਰਦਾ ਹੋਵੇ ਅਤੇ ਕੋਈ ਤਾਂਤਰਿਕ ਉਹਨਾਂ ਨੂੰ ਸਲਾਹ ਦੇਵੇ ਕਿ ਕਿਸੇ ਬੱਚੇ ਦੀ ਬਲੀ ਦੇਣ ਨਾਲ ਉਹਨਾਂ ਦੇ ਘਰ ਬੱਚਾ ਹੋਵੇਗਾ ਤਾਂ ਉਹ ਸੱਚ ਮੰਨ ਕੇ,ਕਿਸੇ ਦਾ ਵੀ ਛੋਟਾ ਬੱਚਾ ਹਨੇਰੇ ਸਵੇਰੇ ਚੁੱਕ ਕੇ ਕਤਲ ਕਰ ਸਕਦਾ ਹੈ। ਉਹ ਬਦਕਿਸਮਤ ਬੱਚਾ ਤੁਹਾਡੇ ਨੇੜੇ ਤੇੜੇ ਦੇ ਪਰਿਵਾਰ ਦਾ, ਤੁਹਾਡਾ ਜਾਂ ਮੇਰਾ ਵੀ ਹੋ ਸਕਦਾ ਹੈ। ਬਾਅਦ ਵਿਚ ਭਾਵੇਂ ਤਾਂਤਰਿਕ ਨੂੰ ਫਾਂਸੀ ਹੋ ਜਾਵੇ , ਜੇਲ੍ਹ ਹੋ ਜਾਵੇ ਅਤੇ ਬੱਚੇ ਦੀ ਇੱਛਾ ਰੱਖਣ ਵਾਲਾ ਪਰਿਵਾਰ ਵੀ ਅੰਦਰ ਹੋ ਜਾਵੇ ਪਰ ਅਭਾਗੇ ਪਰਿਵਾਰ ਨੂੰ ਉਹ ਬੱਚਾ ਨਹੀਂ ਮਿਲਦਾ, ਕੇਵਲ ਸਾਲਾਂ ਬੱਧੀ ਸੋਗ ਹੀ ਪੱਲੇ ਪੈਂਦੇ ਰਹੇ ਹਨ। ਸੰਬੰਧਿਤ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀ ਮੌਤ ਦਾ ਸੱਲ ਸਾਰੀ ਉਮਰ ਚੀਸ ਦਿੰਦਾ ਰਹਿੰਦਾ ਹੈ।ਅਜਿਹੇ ਕੇਸ ਆਮ ਵਾਪਰਦੇ ਹਨ।ਜਿਸ ਘਰ ਦਾ ਚਿਰਾਗ ਬੁਝ ਜਾਂਦਾ ਹੈ, ਉਸ ਦੇ ਦਿਲ ਨੂੰ ਪੁੱਛ ਕੇ ਦੇਖੋ। ਬਠਿੰਡਾ ਨੇੜਲੇ ਕੋਟਫੱਤਾ ਪਿੰਡ ਦੇ ਕਿਸੇ ਪਰਿਵਾਰ ਦੇ ਔਲਾਦ ਨਹੀਂ ਹੁੰਦੀ ਸੀ ਤਾਂ ਉਹਨਾਂ ਅਖੌਤੀ ਸਿਆਣਿਆਂ ਦੇ ਕਹਿਣ ਤੇ ਆਪਣੇ ਹੀ ਪਰਿਵਾਰ ਦੇ ਦੋ ਬੱਚਿਆਂ ਦੀ ਬਲੀ ਦੇ ਦਿੱਤੀ।ਅਖੌਤੀ ਸਿਆਣੇ ਨੇ ਕਿਹਾ ਸੀ ਬਲੀ ਦੇਣ ਉਪਰੰਤ ਬੱਚਾ ਹੋ ਜਾਵੇਗਾ ਤੇ ਮਰੇ ਬੱਚਿਆਂ ਨੂੰ ਵੀ ਜਿਉਂਦੇ ਕਰ ਦਿੱਤਾ ਜਾਵੇਗਾ।ਇਸ ਤਰ੍ਹਾਂ ਕਿਸੇ ਮੁਹੱਲੇ ਵਿਚ ਕਿਸੇ ਦੇ ਘਰ ਵਾਸੀ ਰੋਟੀਆਂ ਆਉਂਦੀਆਂ ਸਨ,ਕਦੇ ਕਦੇ ਛੋਟੇ ਰੋੜੇ ਵੀ ਆ ਜਾਂਦੇ ਸਨ, ਦੁਖੀ ਔਰਤ ਇੱਕ ਤਾਂਤਰਿਕ ਕੋਲ ਜਾ ਪਹੁੰਚੀ। ਤਾਂਤਰਿਕ ਨੇ ਆਪਣੀ ਫੀਸ ਲੈ ਕੇ ਦਸਿਆ ਕਿ ਇਹ ਤੁਹਾਡੀ ਗਲੀ ਵਿਚ ਤੁਹਾਡੇ ਸੱਜੇ ਪਾਸੇ ਦੀ ਮੋਟੀ ਗੁਆਂਢਣ ਇਹ ਕੰਮ ਕਰਦੀ ਹੈ । ਦੁਖੀ ਔਰਤ ਨੇ ਸੱਜੇ ਪਾਸੇ ਤਿੰਨ ਘਰ ਛੱਡ ਕੇ ਮੋਟੀ ਗੁਆਂਢਣ ਔਰਤ ਨੂੰ ਉਸਦੇ ਬੱਚਿਆਂ ਨੂੰ ਮਰਨ ਤਕ ਦੀਆਂ ਗਾਲ਼ਾਂ ਦੇਣੀਆਂ ਸ਼ੁਰੂ ਕਰ ਦਿਤੀਆਂ ।ਅੰਦਰੋਂ ਔਰਤ ਨਿਕਲੀ ਅਤੇ ਬੜੇ ਪਿਆਰ ਨਾਲ ਸਮਝਾਇਆ ਕਿ ਸਾਡੇ ਵਲੋਂ ਕੁੱਝ ਨਹੀਂ ਸੁਟਿਆ ਜਾਂਦਾ, ਜਦ ਪੀੜਿਤ ਔਰਤ ਮੰਨਣ ਤੇ ਹੀ ਨਾ ਆਵੇ ਤਾਂ ਅਖੀਰ ਦੁਖੀ ਔਰਤ ਨੇ ਦੂਜੀ ਔਰਤ ਦੀ ਗੁੱਤ ਫੜ ਲਈ ਅਤੇ ਛੱਡ ਛੁੜਾ ਹੋਣ ਤੋਂ ਪਹਿਲਾਂ ਹੀ ਦੋਵੇਂ ਗੁੱਤਮ ਗੁੱਤੀ ਹੋ ਗਈਆਂ । ਤਾਂਤਰਿਕ ਤੇ ਕਹਿਣ ਤੇ ਦੋ ਗੁਆਂਢੀ ਘਰਾਂ ਵਿੱਚ ਵੈਰ ਪੈ ਗਿਆ। ਇਸੇ ਤਰਾਂ ਸੰਗਰੂਰ ਜ਼ਿਲ੍ਹੇ ਦੇ ਇੱਕ ਪਿੰਡ ਵਿਖੇ ਅੱਜ ਤੋਂ ਪੰਦਰਾਂ -ਵੀਹ ਸਾਲ ਪਹਿਲਾਂ ਬੱਚੇ ਦੇ ਨੌਂਹ ਵਿਚ ਚੋਰ ਦੀ ਸ਼ਕਲ ਵਿਖਾਉਣ ਵਾਲੇ ਬਾਬੇ ਨੇ ਦੋ ਘਰਾਂ ਵਿੱਚ ਲੜਾਈ ਪਵਾ ਦਿੱਤੀ। ਜਦੋਂ ਬਿਨਾ ਕਾਰਣ ਗਲ ਪਈ ਲੜਾਈ ਵਾਲੇ ਪਰਿਵਾਰ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਕੋਲ ਇਸ ਸੰਬੰਧੀ ਗੱਲ ਰੱਖੀ ਤਾਂ ਪੂਰੀ ਤਹਿਕਾਤ ਕਰਕੇ



ਮਾਸਟਰ ਪਰਮ ਵੇਦ
ਜੋਨ ਜਥੇਬੰਦਕ ਮੁਖੀ
ਤਰਕਸ਼ੀਲ ਸੁਸਾਇਟੀ
ਪੰਜਾਬ
9417422349


ਬਾਬੇ ਕੋਲੋਂ ਮਾਫ਼ੀ ਮੰਗਵਾਈ ਤੇ ਲਏ ਪੈਸੇ ਵਾਪਸ ਕਰਵਾਏ ਤੇ ਦੋਵਾਂ ਪਰਿਵਾਰਾਂ ਦੇ ਆਪਸ ਵਿੱਚ ਵਧੇ ਸ਼ਿਕਵੇ ਨੂੰ ਦੂਰ ਕੀਤਾ।ਕਾਫੀ ਸਮਾਂ ਪਹਿਲਾਂ ਦੀ ਗਲ ਹੈ ਕਿ ਝਾਰਖੰਡ ਵਿਖੇ ਅੰਧਵਿਸ਼ਵਾਸ਼ੀ ਲੋਕ ਇੱਕ ਮਾਂ ਅਤੇ ਉਸ ਦੀ ਬੇਟੀ ਨੂੰ ਉਹਨਾਂ ਦੇ ਘਰ ਦਾ ਦਰਵਾਜ਼ਾ ਤੋੜ ਕੇ ਸ਼ਮਸ਼ਾਨ ਘਾਟ ਲੈ ਗਏ। ਉਹਨਾਂ ਤੇ ਦੋਸ਼ ਲਾਇਆ ਕਿ ਉਹ ਡੈਣਾਂ ਹਨ। ਇਸ ਤਰ੍ਹਾਂ ਦਾ ਸਿਲਸਿਲਾ ਬੰਦ ਨਹੀਂ ਹੋਇਆ ਹੁਣ ਵੀ ਅਜਿਹੀਆਂ ਮਾੜੀਆਂ ਘਟਨਾਵਾਂ ਵਾਪਰਦੀਆਂ ਹਨ।ਹੁਣੇ ਜਿਹੇ ਜੁਲਾਈ ਮਹੀਨੇ ਬਿਹਾਰ ਦੇ ਪੂਰਨੀਆਂ ਜ਼ਿਲ੍ਹੇ ਦੇ ਪਿੰਡ ਟੇਟਗ-ੱਮਾ ਵਿਖੇ ਘਰ ਦੇ ਪੰਜ ਜੀਆਂ ਨੂੰ ਡੈਣ ਕਹਿ ਕੇ ਮਾਰ ਦਿੱਤਾ। ਵਿਗਿਆਨਕ ਸੋਚ ਤੋਂ ਹੀਣੇ ਅਖੌਤੀ ਸਿਆਣਿਆਂ ਦੇ ਭਰਮਜਾਲ ਵਿੱਚ ਫਸੇ ਲੋਕਾਂ ਵੱਲੋਂ ਅਕਸਰ ਦੋਸ਼ ਲਾਇਆ ਜਾਂਦਾ ਹੈ ਪਿੰਡ ਵਿੱਚ ਸਮੱਸਿਆਵਾਂ, ਬੀਮਾਰੀਆਂ ਪਿੰਡ ਵਿੱਚ ਇਨ੍ਹਾਂ ਡੈਣਾਂ/ ਚੂੜੇਲਾਂ ਕਾਰਨ ਹੁੰਦੀਆਂ ਹਨ। ਔਰਤਾਂ ਪ੍ਰਤੀ ਨਫ਼ਰਤ, ਨਿਰਾਦਰੀ, ਭੇਦਭਾਵ ਕਰਕੇ ਓਝਿਆਂ/ ਤਾਂਤਰਿਕਾਂ ਦੁਆਰਾ ਔਰਤਾਂ ਨੂੰ ਡੈਣ ਗ਼ਰਦਾਨ ਦਿੱਤਾ ਜਾਂਦਾ ਹੈ ਤੇ ਲੋਕਾਂ ਦਾ ਨਜ਼ਰੀਆ ਵਿਗਿਆਨਕ ਨਾ ਹੋਣ ਕਾਰਨ,ਅੰਧਵਿਸ਼ਵਾਸੀ ਲੋਕ ਤਾਂਤਰਿਕਾਂ/ ਓਝਿਆਂ ਦੀ ਕਹੀਆਂ ਗੱਲਾਂ ਸੱਚ ਮੰਨ ਲੈਂਦੇ ਹਨ।ਭਾਰਤ ਵਿਚ ਕਿੰਨੀਆਂ ਹੀ ਬਿਮਾਰ ਔਰਤਾਂ ਨੂੰ ਠੀਕ ਕਰਨ ਦੇ ਬਹਾਨੇ ਤਾਂਤਰਿਕਾਂ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ, ਕਈਆਂ ਦੇ ਘਰਾਂ ਵਿੱਚ ਦੁੱਖ ਦਲਿਦਰ ਦੂਰ ਕਰਨ ਦੇ ਬਹਾਨੇ ਸਾਰੇ ਟੱਬਰ ਨੂੰ ਬੇਹੋਸ਼ ਕਰਕੇ ਸਭ ਕੁੱਝ ਲੁੱਟ ਕੇ ਲੈ ਗਏ। ਰਿਸ਼ਤੇਦਾਰ ਤਾਂਤਰਿਕ ਵੀ ਕਿਸੇ ਨੂੰ ਮਾਫ਼ ਨਹੀਂ ਕਰਦੇ। ਵਾਸਤੂ ਸ਼ਾਸਤਰ ਵਾਲਿਆਂ ਨੇ ਕਿੰਨੀਆਂ ਦੇ ਘਰ ਦੇ ਦਰਵਾਜ਼ੇ, ਪੌੜੀਆਂ ਜਾਂ ਰਸੋਈਆਂ ਗਲਤ ਦਿਸ਼ਾ ਦਸ ਕੇ ਤੁੜਵਾਈਆਂ। ਕਿਸੇ ਵੀ ਧਰਮ ਦੇ ਪਾਖੰਡ ਜਾਂ ਪਾਖੰਡਾਂ ਰਾਹੀਂ ਕੀਤੀ ਜਾਂਦੀ ਲੁੱਟ ਦਾ ਵਿਰੋਧ ਕਰਨਾ ਧਾਰਮਿਕ ਲੋਕਾਂ ਦੀ ਆਸਥਾ ਤੇ ਸੱਟ ਵੱਜਣਾ ਮੰਨ ਲਿਆ ਜਾਂਦਾ ਹੈ ਅਤੇ ਪਾਖੰਡ ਦਾ ਪਰਦਾ ਫਾਸ਼ ਕਰਨ ਵਾਲਿਆਂ ਤੇ ਕੋਰਟਾਂ ਵਿਚ ਕੇਸ ਚਲਾਏ ਜਾਂਦੇ ਹਨ। ਮਹਾਰਾਸ਼ਟਰ ਵਿਚ ਡਾਕਟਰ ਦਾਭੋਲਕਰ ਅੰਧਵਿਸ਼ਵਾਸ ਦੇ ਵਿਰੁੱਧ ਪ੍ਰਚਾਰ ਕਰ ਰਹੇ ਸਨ ਅਤੇ ਉਹਨਾਂ ਨੇ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਪਾਸ ਕਰਵਾਉਣਾ ਚਾਹਿਆ। ਧਾਰਮਿਕ ਕੱਟੜ ਸੋਚ ਵਾਲਿਆਂ ਨੇ ਦਾਭੋਲਕਰ ਦੀਆਂ ਗਤੀਵਿਧੀਆਂ ਧਰਮ ਵਿਰੋਧੀ ਮੰਨਦੇ ਹੋਏ ਉਹਨਾਂ ਨੂੰ ਮਾਰ ਦਿੱਤਾ। ਇਸੇ ਤਰਾਂ ਕਾਮਰੇਡ ਪਨਸਾਰੇ , ਐਮ ਐਮ ਕਲਬੁਰਜੀ ਅਤੇ ਲੇਖਿਕਾ ਗੌਰੀ ਲੰਕੇਸ਼ ਨੂੰ ਮਾਰ ਦਿੱਤਾ।ਦੇਸ ਦੀ ਤਰੱਕੀ ਤੇ ਖੁਸ਼ਹਾਲੀ ਲਈ, ਰਾਜ ਸੱਤਾ ਦੇ ਮਾਲਕਾਂ ਨੂੰ ਲੋਕਾਂ ਵਿਚੋਂ ਅੰਧਵਿਸ਼ਵਾਸ ਵਹਿਮ ਭਰਮ, ਰੂੜ੍ਹੀਵਾਦੀ ਸੋਚ ਨੂੰ ਕੱਢ ਕੇ ਲੋਕਾਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਤਰਕਸ਼ੀਲ ਸੁਸਾਇਟੀ ਦਾ ਸੁਨੇਹਾ ਹੈ ਕਿ ਲੋਕ ਲਾਈਲੱਗਤਾ, ਅੰਧਵਿਸ਼ਵਾਸਾਂ ਦੇ ਹਨ੍ਹੇਰੇ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੇ ਉਜਾਲੇ ਵਿੱਚ ਆਉਣ,ਵਿਗਿਆਨਕ ਸੋਚ ਵਕ਼ਤ ਦੀ ਮੁੱਖ ਲੋੜ ਹੈ। ਵਿਗਿਆਨਕ ਸੋਚ ਅਪਣਾਓ, ਅੰਧਵਿਸ਼ਵਾਸਾਂ ਦਾ ਹਨੇਰਾ ਭਜਾਓ।

# ਪੰਜਾਬ ਵਿੱਚ ਅਧਿਆਪਕਾਂ ਦੀ ਸਥਿਤੀ ਇੱਕ ਚਿੰਤਾਜਨਕ ਹਕੀਕਤ

ਪੰਜਾਬ, ਜੋ ਸਦਾ ਤੋਂ ਹੀ ਗਿਆਨ, ਸੱਭਿਆਚਾਰ ਅਤੇ ਸਿੱਖਿਆ ਦੀ ਧਰਤੀ ਮੰਨੀ ਜਾਂਦੀ ਹੈ, ਉਥੇ ਅੱਜ ਅਧਿਆਪਕਾਂ ਦੀ ਸਥਿਤੀ ਵਧੀਕ ਚਿੰਤਾਜਨਕ ਅਤੇ ਨਿਰਾਸ਼ਾਜਨਕ ਹੋ ਚੁੱਕੀ ਹੈ।ਅੱਜ ਉਹੀ ਅਧਿਆਪਕ ਨੌਕਰੀ ਦੀ ਅਸਥਿਰਤਾ, ਘੱਟ ਤਨਖਾਹਾਂ, ਸਮਾਜਕ ਤਨਾਅ ਅਤੇ ਪ੍ਰਸ਼ਾਸਨਕ ਉਪੇਖਾ ਦਾ ਸ਼ਿਕਾਰ ਹੋ ਰਹੇ ਹਨ। ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਸਾਲਾਂ ਤੋਂ ਰੁਕੀ ਹੋਈ ਹੈ, ਕਈਆਂ ਨੂੰ ਅਸਥਾਈ ਅਧਿਆਪਕ ਵਜੋਂ "ਗੈਸਟ ਫੈਕਲਟੀ" ਜਾਂ "ਕੰਟ੍ਰੈਕਟ ਬੇਸ" 'ਤੇ ਰੱਖਿਆ ਜਾਂਦਾ ਹੈ, ਜਿਸ ਕਾਰਨ ਉਹਨਾਂ ਨੂੰ ਨਾ ਪੂਰੀ ਤਨਖਾਹ ਮਿਲਦੀ ਹੈ ਅਤੇ ਨਾ ਹੀ ਕੋਈ ਭਰੋਸੇਮੰਦ ਭਵਿੱਖ। ਅਕਸਰ ਅਧਿਆਪਕਾਂ ਨੂੰ ਪਾਠ ਪੜ੍ਹਾਉਣ ਦੀ ਬਜਾਏ ਮਿਡ ਡੇ ਮਿਲ, ਸਰਵੇਖਣ, ਰਾਜਨੀਤਕ ਰੈਲੀਆਂ ਅਤੇ ਹੋਰ ਅਫਸਰੀ ਕੰਮਾਂ 'ਚ ਜੁਟਾਇਆ ਜਾਂਦਾ ਹੈ। ਇਸ ਨਾਲ ਨਾ ਸਿਰਫ਼ ਅਧਿਆਪਕ ਹੌਸਲੇ ਟੁੱਟਦੇ ਹਨ, ਸਗੋਂ ਸਿੱਖਿਆ ਦੀ ਗੁਣਵੱਤਾ ਵੀ ਗਿਰਦੀ ਜਾ ਰਹੀ ਹੈ।

ਇਕ ਹੋਰ ਮੁੱਦਾ ਇਹ ਹੈ ਕਿ ਸਰਕਾਰੀ ਅਧਿਆਪਕਾਂ ਨੂੰ ਕਈ ਵਾਰੀ ਨਿੱਤ ਨਵੇਂ ਨਿਯਮਾਂ ਅਤੇ ਨੀਤੀਆਂ ਹੇਠ ਜ਼ੋਰ ਜਬਰ 'ਚ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਰੋਜ਼ਾਨਾ ਦਫ਼ਤਰ ਦੀ ਹਾਜ਼ਰੀ, ਅਨਲਾਈਨ ਐਪਸ ਰਾਹੀਂ ਰਿਪੋਰਟਿੰਗ, ਅਤੇ ਨਾਨ-ਟੀਚਿੰਗ ਡਿਊਟੀਆਂ ਉਨ੍ਹਾਂ ਦੇ ਅਸਲ ਕੰਮ ਨੂੰ ਪਿੱਛੇ ਧੱਕ ਰਹੀਆਂ ਹਨ। ਉੱਥੇ ਹੀ, ਨਿੱਜੀ ਸਕੂਲਾਂ ਵਿੱਚ ਅਧਿਆਪਕ ਤਨਖਾਹਾਂ ਦੀਆਂ ਘੱਟ ਦਰਾਂ ਤੇ ਲੰਬੇ ਕੰਮ ਦੇ ਘੰਟਿਆਂ ਨਾਲ ਜੂਝ ਰਹੇ ਹਨ। ਉਹਨਾਂ ਦੇ ਅਧਿਕਾਰਾਂ ਦੀ ਕੋਈ ਸੁਰੱਖਿਆ ਨਹੀਂ ਅਤੇ ਕੰਮ ਦੀ ਅਣਸੁਰੱਖਿਆ ਹਮੇਸ਼ਾਂ ਉੱਪਰ ਤਲਵਾਰ ਵਾਂਗ ਲਟਕਦੀ ਰਹਿੰਦੀ ਹੈ। ਹੁਣ ਜਦੋਂ ਸੁਪਰੀਮ ਕੋਰਟ ਦਾ ਇੱਕ ਨਵਾਂ ਫੈਸਲਾ ਆਇਆ ਹੈ ਕਿ ਜੋ ਪੰਜਾਬ ਸਰਕਾਰ ਵੱਲੋਂ 1158 ਦੀ ਭਰਤੀ ਕੀਤੀ ਗਈ ਸੀ।ਉਹ ਰੱਦ ਕਰ ਦਿੱਤੀ ਗਈ ਹੈ।ਇਸ ਤਰ੍ਹਾਂ ਦੇ ਮੌਹਾਲ ਵਿੱਚ ਅਧਿਆਪਕ ਬਹੁਤ ਦੁੱਖੀ ਹਨ।ਉਹਨਾ ਨੂੰ ਸਮਝ ਨਹੀਂ ਆ ਰਿਹਾ ਕਿ ਉਹ ਕਰਨ ਤਾਂ ਕਿ ਕਰਨ। ਇਹਨਾਂ ਹਲਾਤਾਂ ਵਿੱਚ ਵਿਦਿਆਰਥੀਆਂ ਤੇ ਜੀਵਨ ਤੇ ਵੀ ਡੂੰਘਾ ਪ੍ਰਭਾਵ ਪੈਂਦਾ ਹੈ। ਇਹ ਸਾਰੀਆਂ ਹਾਲਤਾਂ ਇਕ ਥਾਂ ਇਸ਼ਾਰਾ ਕਰਦੀਆਂ ਹਨ । ਜਦ ਤੱਕ ਅਸੀਂ ਅਧਿਆਪਕਾਂ ਨੂੰ ਯੋਗ ਮਾਨ-ਸਨਮਾਨ, ਸੁਰੱਖਿਅਤ ਨੌਕਰੀ, ਅਤੇ ਸਮਾਜਕ ਸਤਿਕਾਰ ਨਹੀਂ ਦਿੰਦੇ, ਤਦ ਤੱਕ ਅਸਲ ਸਿੱਖਿਆ ਕਦੇ ਵੀ ਅੱਗੇ ਨਹੀਂ ਵਧ ਸਕਦੀ। ਇੱਕ ਵਿਦਿਆਰਥੀ ਦੀ ਰੋਹਾਨੀ ਤੇ ਮਾਨਸਿਕ ਬੁਨਿਆਦ ਉਸ ਦੇ ਅਧਿਆਪਕ ਰਾਹੀਂ ਬਣਦੀ ਹੈ, ਤੇ ਜੇ ਉਹੀ ਅਧਿਆਪਕ ਆਤਮ-ਗਿਲਾਨੀ, ਤਨਾਅ ਅਤੇ ਗੁੱਸੇ 'ਚ ਹੋਵੇ, ਤਾਂ ਨਤੀਜਾ ਵੀ ਅਸਰਦਾਰ ਨਹੀਂ ਹੋ ਸਕਦਾ।

ਇਸ ਲਈ ਪੰਜਾਬ ਸਰਕਾਰ ਅਤੇ ਸਮਾਜਕ ਸੰਸਥਾਵਾਂ ਨੂੰ ਮਿਲ ਕੇ ਅਧਿਆਪਕਾਂ ਦੀ ਸਥਿਤੀ ਨੂੰ ਸੁਧਾਰਨ ਵਾਸਤੇ ਗੰਭੀਰ ਯਤਨ ਕਰਨੇ ਚਾਹੀਦੇ ਹਨ। ਇਹ ਸਿਰਫ਼ ਅਧਿਆਪਕਾਂ ਦੀ ਲੜਾਈ ਨਹੀਂ, ਸਗੋਂ ਭਵਿੱਖ ਦੀ ਪੀੜ੍ਹੀ ਦੀ ਤਾਕਤ ਬਣਾਉਣ ਦੀ ਲੜਾਈ ਹੈ। ਜੇ ਅਸੀਂ ਅਧਿਆਪਕਾਂ ਨੂੰ ਮਜ਼ਬੂਤ ਕਰਾਂਗੇ, ਤਾਂ ਸਿੱਖਿਆ ਦੇ ਰਾਹੀਂ ਸਾਰਾ ਰਾਜ ਮਜ਼ਬੂਤ ਹੋਵੇਗਾ।



ਮੰਜੂ ਰਾਇਕਾ।

# ਭਾਈਚਾਰੇ ਦਾ ਸ਼ਾਹੂਕਾਰ ਕਿਰਪਾਲ ਸਿੰਘ ਗਰਚਾ (ਕਨੇਡਾ)

ਕਿਰਪਾਲ ਸਿੰਘ ਗਰਚਾ ਦਾ ਜੱਦੀ ਪਿੰਡ ਸੱਲ ਕਲਾਂ ਤਹਿਸੀਲ ਬੰਗਾ ਵਿਚ ਪੈਂਦਾ ਹੈ। ਕਨੇਡਾ ਆਇਆਂ ਨੂੰ ਅੱਧੀ ਸਦੀ ਹੋ ਗਈ ਹੈ। ਪਿੰਡ ਅਤੇ ਭਾਈਚਾਰੇ ਨਾਲ ਮੋਹ ਹਾਲੇ ਤੱਕ ਟੁੱਟਿਆ ਨਹੀਂ। ਉਹ ਭੌਂ, ਜਿਸ ਵਿਚ ਉਨ੍ਹਾਂ ਦੇ ਬਾਪੂ ਨੇ ਪਸੀਨਾ ਬਹਾਇਆ ਸੀ, ਉਨ੍ਹਾਂ ਨੂੰ ਹਾਕਾਂ ਮਾਰਦੀ ਰਹਿੰਦੀ ਹੈ। ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ, ਘੱਟੋ-ਘੱਟ ਦੋ ਸਾਲ ਵਿਚ ਇੱਕ ਵਾਰ, ਉਹ ਪਿੰਡ ਗੇੜਾ ਜ਼ਰੂਰ ਮਾਰਦੇ ਹਨ।

2014 ਵਿਚ ਜਦੋਂ ਭਾਰਤ ਆਏ ਤਾਂ ਉਨ੍ਹਾਂ ਨੂੰ ਕਿਸੇ ਕੰਮ ਦੇ ਸਬੰਧ ਵਿਚ ਨਗਰ ਪਾਲਿਕਾ ਬੰਗਾ ਦੇ ਦਫ਼ਤਰ ਜਾਣਾ ਪਿਆ। ਦਫ਼ਤਰ ਦੇ ਵਿਹੜੇ ਵਿਚ ਖੜੇ ਕਮੇਟੀ ਦੇ ਵਾਹਨਾਂ ਤੇ ਪੰਜਾਬੀ ਅੱਖਰਾਂ ਵਿਚ ਲਿਖਿਆ ਕਮੇਟੀ ਦਾ ਨਾਂ ਮਿਟਾਇਆ ਜਾ ਰਿਹਾ ਸੀ। ਪੰਜਾਬੀ ਦੀ ਥਾਂ ਹਿੰਦੀ ਲੈ ਰਹੀ ਸੀ। ਮਾਂ ਬੋਲੀ ਦੇ ਹੋ ਰਹੇ ਇਸ ਨਿਰਾਦਰ ਨੇ ਉਨ੍ਹਾਂ ਅੰਦਰ ਸੁਸਤ ਹੋ ਚੁੱਕੇ ਜੁਝਾਰੂ ਪੁੱਤ ਨੂੰ ਝੰਜੋੜ ਦਿੱਤਾ। ਅੱਗ ਭਬੂਲਾ ਹੋਏ ਉਹ ਕਮੇਟੀ ਦੇ ਸਬੰਧਤ ਅਧਿਕਾਰੀ ਦੇ ਦਫ਼ਤਰ ਜਾ ਧਮਕੇ। ਪੰਜਾਬੀ ਸੂਬੇ ਵਿਚ ਹੀ ਪੰਜਾਬੀ ਦੇ ਹੋ ਰਹੇ ਘਾਣ ਤੇ ਸਖ਼ਤ ਰੋਸ ਪ੍ਰਗਟਾਇਆ। ਜਿੰਨਾ ਚਿਰ ਅਫ਼ਸਰ ਨੇ ਗਲਤੀ ਸੁਧਾਰਨ ਦਾ ਵਾਅਦਾ ਨਹੀਂ ਕੀਤਾ, ਗਰਚਾ ਸਾਹਿਬ ਨੇ ਅਫ਼ਸਰ ਦਾ ਖਿਹੜਾ ਨਹੀਂ ਛੱਡਿਆ।

ਕਨੇਡਾ ਪਹੁੰਚ ਕੇ, ਮਾਂ ਬੋਲੀ ਨਾਲ ਪਿਆਰ ਕਰਨ ਵਾਲੇ ਆਪਣੇ ਦੋਸਤਾਂ ਨਾਲ ਗੱਲ ਕੀਤੀ ਅਤੇ ਇਸ ਵਰਤਾਰੇ ਨੂੰ ਪੱਕੇ ਤੌਰ ਤੇ ਰੋਕਣ ਲਈ ਯਤਨਸ਼ੀਲ ਹੋਣ ਲਈ ਪ੍ਰੇਰਿਆ। ਮਾਂ ਬੋਲੀ ਪੰਜਾਬੀ ਦੇ ਕਨੇਡਾ ਵਸਦੇ 5 ਜੇਠੇ ਪੁੱਤਰਾਂ (ਮੋਤਾ ਸਿੰਘ ਝੀਤਾ, ਕੁਲਦੀਪ ਸਿੰਘ, ਦਵਿੰਦਰ ਸਿੰਘ ਘਟੌੜਾ, ਸਤਿਨਾਮ ਸਿੰਘ ਜੌਹਲ ਅਤੇ ਡਾ. ਜਗਜੀਤ ਸਿੰਘ ਸਿੱਕਾ) ਨੇ ਉਨਾਂ ਦੀ ਹਾਂ ਵਿੱਚ ਹਾਂ ਮਿਲਾਈ ਅਤੇ ਪੰਜਾਬੀ ਭਾਸ਼ਾ ਦੇ ਸਰਕਾਰੇ ਦਰਬਾਰੇ ਖੁੱਸੇ ਸਤਿਕਾਰ ਨੂੰ ਬਹਾਲ ਕਰਾਉਣ ਲਈ ਤੁਰੰਤ 'ਦੂਜੀ ਗਦਰ ਲਹਿਰ' ਸ਼ੁਰੂ ਕਰਨ ਦਾ ਸੰਕਲਪ ਲੈ ਲਿਆ।



ਪੰਜਾਬੀ ਭਾਸ਼ਾ ਨੂੰ ਸੰਸਾਰ ਪੱਧਰ ਤੇ ਦਰਪੇਸ਼ ਸਮੱਸਿਆਵਾਂ ਦੇ ਗਹਿਰ ਗੰਭੀਰ ਅਧਿਐਨ ਅਤੇ ਫਿਰ ਉਹਨਾਂ ਸਮੱਸਿਆਵਾਂ ਦੇ ਹੱਲ ਲੱਭਣ ਲਈ ਇਸ ਗਰੁੱਪ ਵੱਲੋਂ ਸਾਲ 2018 ਵਿੱਚ ਕਨੇਡਾ ਦੇ ਚਾਰ ਸ਼ਹਿਰਾਂ ਵੈਨਕੂਵਰ ਐਡਮਿੰਟਨ ਕੈਲਗਰੀ ਅਤੇ ਵਿੰਨੀਪੈਗ ਵਿੱਚ ਵਿਸ਼ਵ ਪੰਜਾਬੀ ਸਮਾਗਮ ਰਚਾਏ ਗਏ। ਇਨ੍ਹਾਂ ਸਮਾਗਮਾਂ ਵਿੱਚ ਸੰਸਾਰ ਪੱਧਰ ਦੇ ਬੁੱਧੀਜੀਵੀਆਂ ਨੂੰ ਬੁਲਾਇਆ ਗਿਆ। ਪੰਜਾਬ ਦੀ ਨੁਮਾਇੰਦਗੀ ਮਿੱਤਰ ਸੈਨ ਮੀਤ ਅਤੇ ਮਹਿੰਦਰ ਸਿੰਘ ਸੇਖੋਂ ਨੇ ਕੀਤੀ।

ਕਨੇਡਾ ਵਿੱਚ ਹੋਏ ਇਸ ਸਮੁੰਦਰ ਮੰਥਨ ਬਾਅਦ ਨਿਕਲੇ ਸਿੱਟਿਆਂ ਨੂੰ ਅਮਲੀ ਰੂਪ ਦੇਣ ਲਈ ਇੱਕ ਅੰਤਰਰਾਸ਼ਟਰੀ ਸੰਸਥਾ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸਥਾਪਨਾ ਕੀਤੀ ਗਈ।

ਪਹਿਲੀ ਅੰਤਰਰਾਸ਼ਟਰੀ ਇਕਾਈ ਕੈਨੇਡਾ ਵਿੱਚ ਸਥਾਪਿਤ ਕੀਤੀ ਗਈ। ਸੰਸਥਾ ਦੇ ਛੇ ਮੁੱਢਲੇ ਸੰਸਥਾਪਕ ਨਿਯੁਕਤ ਕੀਤੇ ਗਏ। ਉਹ ਸਨ ਕਿਰਪਾਲ ਸਿੰਘ ਗਰਚਾ, ਕੁਲਦੀਪ ਸਿੰਘ, ਮੋਤਾ ਸਿੰਘ ਝੀਤਾ, ਸਤਨਾਮ ਸਿੰਘ ਜੌਹਲ, ਦਵਿੰਦਰ ਸਿੰਘ ਘਟੌੜਾ, ਡਾ ਪੂਰਨ ਸਿੰਘ ਅਤੇ ਡਾ ਜਗਜੀਤ ਸਿੰਘ ਸਿੱਕਾ।

ਕਨੇਡਾ ਇਕਾਈ ਦੇ ਨਾਲ ਨਾਲ ਪੰਜਾਬ ਵਿੱਚ ਪੰਜਾਬ ਇਕਾਈ ਦੀ ਸਥਾਪਨਾ ਕੀਤੀ ਗਈ। ਕੈਨੇਡਾ ਤੇ ਪੰਜਾਬ ਇਕਾਈਆਂ ਅੱਜ ਤੱਕ ਪੂਰੀ ਤਰ੍ਹਾਂ ਸਰਗਰਮ ਹਨ।ਸੰਸਥਾ ਨੂੰ ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਪਸਾਰ ਕਰਨ ਵਿੱਚ ਕਈ ਪ੍ਰਾਪਤੀਆਂ ਹੋਈਆਂ ਹਨ। ਸੰਸਥਾ ਦੀਆਂ ਇੰਨ੍ਹਾਂ ਪ੍ਰਾਪਤੀਆਂ ਦਾ ਸਿਹਰਾ ਕਿਰਪਾਲ ਸਿੰਘ ਗਰਚਾ ਜੀ ਸਿਰ ਬੱਝਦਾ ਹੈ।

ਗਰਚਾ ਸਾਹਿਬ ਨੂੰ ਵੈਨਕੂਵਰ ਆਇਆਂ ਅੱਧੀ ਸਦੀ ਹੋ ਗਈ ਹੈ। ਕਰੜੀ ਮਿਹਨਤ ਕਰਕੇ ਨਾਲੇ ਚਾਰ ਪੈਸੇ ਜੋੜੇ, ਨਾਲੇ ਧੀਆਂ ਪੁੱਤਾਂ ਨੂੰ ਪੜਾ ਲਿਖਾ ਕੇ ਚੰਗੇ ਅਹੁਦਿਆਂ ਤੇ ਪਹੁੰਚਾਇਆ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਨੇ ਪ੍ਰੋਗਰਾਮ ਭਾਵੇਂ ਕਨੇਡਾ ਵਿੱਚ ਰੱਖਣਾ ਹੋਵੇ ਭਾਵੇਂ ਪੰਜਾਬ ਵਿੱਚ, ਪ੍ਰਬੰਧਕਾਂ ਨੂੰ ਮਾਲੀ ਸਹਾਇਤਾ ਲਈ ਟੇਕ ਗਰਚਾ ਸਾਹਿਬ ਤੇ ਹੀ ਰੱਖਣੀ ਪੈਂਦੀ ਹੈ।

ਹਾਂ ਬਾਅਦ ਸੰਸਥਾ ਭਾਵੇਂ 50 ਹਜ਼ਾਰ ਹੋਵੇ ਅਤੇ ਭਾਵੇਂ ਲੱਖ, ਗਰਚਾ ਸਾਹਿਬ ਕਦੇ ਮੱਥੇ ਵੱਟ ਨਹੀਂ ਪਾਉਂਦੇ। ਉਨਾਂ ਦੀ ਇਸੇ ਖੁੱਲ ਦਿਲੀ ਕਾਰਨ, ਭਾਈਚਾਰੇ ਵਾਲੇ ਗਰਚਾ ਸਾਹਿਬ ਨੂੰ ਸੰਸਥਾ ਦਾ ਸ਼ਾਹੂਕਾਰ ਕਹਿ ਕੇ ਹੀ ਬੁਲਾਉਂਦੇ ਹਨ।



**ਮਿੱਤਰ ਸੈਨ ਮੀਤ**

# ਸੰਦੂਕੜੀ ਦਾ ਮਾਲ

ਕਈ ਦਿਨਾਂ ਦੀ ਘੁਸਰ ਮੁਸਰ ਤੌਂ ਬਾਦ ਆਖਿਰ ਵੀਰ ਜੀ ਬੀਜੀ ਆਲੀ ਸੰਦੂਕੜੀ ਖੋਲਣ ਨੂੰ ਰਾਜੀ ਹੋ ਗਏ। ਚਾਹੇ ਵੀਰ ਜੀ ਚਾਰਾਂ ਭਰਾਵਾਂ ਚ ਸਭ ਤੌਂ ਵੱਡੇ ਸਨ ਪਰ ਬੀਜੀ ਵੀਰ ਜੀ ਕੋਲ ਹੀ ਰਹਿੰਦੇ ਸਨ। ਅਸੀ ਸਭ ਤੋਂ ਛੋਟੇ ਸੀ ਪਰ ਅਸੀ ਆਪਣੀ ਅਜਾਦੀ ਦੇ ਲਾਲਚ ਵਿੱਚ ਇਹ ਫਰਜ ਨਿਭਾ ਨਹੀ ਸਕੇ।ਬਾਕੀ ਅਸੀ ਦੋਨੇ ਘਰ ਬਸ ਕਦੇ ਕਦੇ ਬੀਜੀ ਦਾ ਪਤਾ ਲੈ ਆਉਂਦੇ ਸੀ।ਹੋਰ ਸਾਡਾ ਕਿਸੇ ਗੱਲ ਨਾਲ ਕੋਈ ਲੈਣਾਂ ਦੇਣਾਂ ਨਹੀ ਸੀ। ਬੀਜੀ ਕੋਲੇ ਪਿਤਾ ਜੀ ਦਾ ਵਾਧੂ ਪੈਸਾ ਸੀ ਤੇ ਉਹਨਾ ਨੂੰ ਪੈਨਸਓਨ ਵੀ ਆਉੱਦੀ ਸੀ। ਚਾਹੇ ਬਹੁਤੀ ਪੈਨਸਨ ਰੋਟੀ ਦੇ ਖਰਚੇ ਤੇ ਬੀਜੀ ਦੀ ਦਵਾ ਦਾਰੂ ਤੇ ਹੀ ਖਰਚ ਹੋ ਜਾਂਦੀ ਸੀ ਫਿਰ ਵੀ ਬੀਜੀ ਕੋਲ ਪੈਸਾ ਬੱਚ ਹੀ ਂਦਾ ਸੀ ਤੇ ਹੋਰ ਕਿਤੇ ਖਰਚ ਕਰਨਾ ਨਹੀ ਸੀ ਹੁੰਦਾ। ਬਸ ਮੇਰੀ ਇੱਕੋ ਹੀ ਨਨਾਣ ਹੈ ਉਹ ਕਦੇ ਕਦੇ ਗੇੜਾ ਮਾਰਦੀ ਤੇ ਬੀਜੀ ਹੀ ਜਾਂਦੀ ਨੂੰ ੋਂ ਤਿਲ ਫੁਲ ਸਰਦਾ ਦੇ ਦਿੰਦੇ। ਇਸ ਨਾਲ ਸਾਡੀ ਸਭਦੀ ਸਿਰ ਦਰਦੀ ਵੀ ਮੁੱਕੀ ਹੋਈ ਸੀ। ਨਨਾਣ ਤੇ ਨਨਦੋਈਏ ਨਾਲ ਸਾਡੇ ਸਬੰਧ ਵੀ ਬਹੁਤੇ ਸੁਖਾਲੇ ਨਹੀ ਸਨ। ਨਾ ਉਹ ਸਾਡੇ ਨਾਲ ਬੋਲਦੇ ਸੀ ਤੇ ਨਾ ਹੀ ਅਸੀ ਉਹਨਾ ਨੂੰ ਬਹੁਤਾ ਮੂੰਹ ਲਾ ਕੇ ਰਾਜੀ ਸੀ। ਇੱਕ ਨਹੀ ਇੰਨਾ ਚਾਰਾਂ ਭਰਾਵਾਂ ਦਾ ਏਹੀ ਹਾਲ ਹੈ। ਨਾ ਜੀਜਾ ਸਾਨੂੰ ਕਦੇ ਸਿੱਧਾ ਬੋਲਿਆ ਤੇ ਨਾ ਦੀਦੀ। ਪਰ ਬਹੁਤੀ ਲਿੱਪ ਲਿੱਪ ਸਾਡੇ ਤੋਂ ਵੀ ਨਹੀ ਹੁੰਦੀ। ਹਾਂ ਮਾਂਵਾਂ ਧੀਆਂ ਹੀ ਅਕਸਰ ਗੁਰਮਤ ਕਰਦੀਆਂ ਰਹਿੰਦੀਆਂ ਸਨ।ਦੀਦੀ ਤੇ ਬੀਜੀ ਦੀ ਰਮਜ ਮਿਲਦੀ ਸੀ। ਤੇ ਨਨਦੋਈਆ ਤਾਂ ਸੁਖਨਾਲ ਆਉੱਦਾ ਹੀ ਨਹੀ ਸੀ। ਨਹੀ ਤਾਂ ਨਾ ਸਹੀ। ਕਿਹੜਾ ਰੋਜ ਦੀ ਉਸਦੀ ਕਿੱਚ ਕਿੱਚ ਸਹੇ। ਹਰ ਇੱਕ ਦੀ ਆਪਣੀ ਇੱਜਤ ਹੁੰਦੀ ਹੈ।ਇਸ ਲਈ ਅਸੀ ਤਾਂ ਸੁਰੂ ਤੋ ਹੀ ਉਹਨਾ ਕੋਲ ਬਹੁਤਾ ਨਹੀ ਸੀ ਜਾਂਦੇ। ਜਿਸ ਦਿਨ ਬੀਜੀ ਦੇ ਧੱਕੇ ਗਏ ਵੀ ਤਾਂ ਬੇਜਿੱਤੀ ਕਰਵਾਕੇ ਹੀ ਮੁੜੇ। ਉਹਨਾ ਦੇ ਗਿਲ੍ਹੇ ਸਿਓਕਵੇ ਰੀਸ ਰੋਸੇ ਹੀ ਨਾ ਮੁਕਦੇ। ਇਸੇ ਲਈ ਅਸੀ ਉਹਨਾ ਦੀ ਪਰਵਾਹ ਕਰਨੀ ਛੱਡ ਦਿੱਤੀ।

ਹਾਂ ਮੈ ਗੱਲ ਕਰਦੀ ਸੀ ਬੀਜੀ ਦੀ ਸੰਦੂਕੜੀ ਦੀ। ਬੀਜੀ ਸੰਦੂਕੜੀ ਨੂੰ ਹਮੇਸਓ ਤਾਲਾ ਲਾਕੇ ਰੱਖਦੇ ਤੇ ਕੁੰਜੀ ਵੀ ਗੀਝੇਓ ਵਿੱਚ ਹੀ ਰੱਖਦੇ। ਉਹਨਾ ਦੇ ਜਿਉਂਦੇ ਜੀ ਅਸੀ ਕਦੇ ਉਸ ਸੰਦੂਕੜੀ ਵਿੱਚ ਦਿਲਚਸਪੀ ਨਹੀ ਸੀ ਲਈ । ਇਹ ਤਕਰੀਬਨ ਸਾਰੀਆਂ ਬੁੜੀਆਂ ਦੀ ਆਦਤ ਹੁੰਦੀ ਹੈ ਗੋਝੀ ਰੱਖਣ ਦੀ । ਹੋਰ ਕਿਹੜਾ ਬੀਜੀ ਨੇ ਡਾਲਰ ੋੜੇ ਹੋਣਗੇ ।ਹਾਂ ਬੀਜੀ ਕੋਲ ਥੋੜਾ ਜਿਹਾ ਸੋਨਾ ਸੀ ਉਹ ਸਾਰਿਆਂ ਨੂੰ ਪਤਾ ਹੀ ਸੀ ਤੇ ਕਈ ਐਫ ਡੀਆਂ ਸਨ ਜੋ ਵੀਰ ਜੀ ਨੇ ਹੀ ਬਨਵਾਈਆਂ ਸਨ ਪਿਤਾ ਜੀ ਦੇ ਹੁੰਦਿਆਂ।ਪਰ ਫਿਰ ਵੀ ਸਾਰਿਆਂ ਨੂੰ ਤਾਂਘ ਜਿਹੀ ਸੀ ਬੀਜੀ ਦੀ ਸੰਦੂਕੜੀ ਫਰੋਲਣ ਦੀ। ਪਰ ਵੱਡੇ ਵੀਰ ਜੀ ਇਸ ਬਾਰੇ ਚੁੱਪ ਹੀ ਸਨ।ਪਤਾ ਨਹੀ ਕਿਉ? ਉਹਨਾ ਦਾ ਚਿਹਰਾ ਸੰਦੂਕੜੀ ਦਾ ਜਿਕਰ ਕਰਨ ਤੇ ਹੀ ਉੱਤਰ ਜਾਂਦਾ ਸੀ। ਇਸ ਤਰਾਂ ਸਾਰਿਆਂ ਦਾ ਸੱਕ ਵੱਧ ਜਾਂਦਾ। ਭਰ ਬੋਲਦਾ ਕੋਈ ਨਾ। ਵੱਡੇ ਵੀਰ ਜੀ ਕੋਲੋ ਸਾਰੇ ਝਿਫਦੇ ਸਨ।

ਬੀਜੀ ਲੰਬੀ ਬੀਮਾਰੀ ਤੋਂ ਬਾਦ ਚਾਰ ਕੁ ਮਹੀਨੇ ਪਹਿਲਾ ਹੀ ਪੂਰੇ ਹੋ ਗਏ ਸਨ। ਉਹਨਾ ਦੇ ਅੰਤਿਮ ਸੰਸਕਾਰ ਅਤੇ ਅੰਤਿਮ ਅਰਦਾਸ ਤੇ ਚਾਹੇ ਦੀਦੀ ਦਾ ਸਾਰਾ ਪਰਿਵਾਰ ਹੀ ਆਇਆ ਸੀ । ਪਰ ਉਹਨਾ ਸਾਡੇ ਕਿਸੇ ਨਾਲ ਵੀ ਬਹੁਤਾ ਰੁੱਖ ਨਹੀ ਰਲਾਇਆ।ਦੀਦੀ ਤਾਂ ਬਸ ਬਹੁਤਾ ਸਮਾਂ ਆਪਣੀ ਮਾਂ ਨੂੰ ਹੀ ਰੋਦੀ ਰਹੀ। ਉਸਨੇ ਕਿਸੇ ਨਾਲ ਕੋਈ ਗੱਲ ਨਹੀ ਕੀਤੀ। ਉਹ ਸਾਡੇ ਸਾਰਿਆਂ ਨਾਲ ਇਸ ਗੱਲੋਓ ਖਫਾ ਸਨ ਕਿ ਅਸੀ ਬੀਜੀ ਦੀ ਪੂਰੀ ਸੇਵਾ ਨਹੀ ਕੀਤੀ। ਤੁਸੀ ਮੇਰੀ ਮਾਂ ਨੂੰ ਘੁੱਟ ਘੁੱਟਕੇ ਮਾਰਿਆ ਹੈ। ਮੇਰੀ ਮਾਂ ਮੈਨੂੰ ਤੇ ਆਪਣੇ ਦੋਹਤਿਆਂ ਨੂੰ ਤਰਸਦੀ ਮਰ ਗਈ।ਤੁਸੀ ਉਸਦੇ ਬੋਲਣ ਤੇ ਅਤੇ ਫੋਨ ਕਰਨ ਤੇ ਪਬੰਧੀਆਂ ਲਾਉਂਦੇ ਸੀ। ਗੁੱਸੇ ਵਿੱਚ ਆਈ ਅਕਸਰ ਉਹ ਇਹ ਗੱਲਾਂ ਮੂੰਹ ਤੇ ਹੀ ਕਹਿੰਦੀ। ਗੱਲਾਂ ਉਸ ਦੀਆਂ ਵੀ ਜਾਇਜ ਹੀ ਸਨ ਕਿਉਕਿ ਅਸੀ ਕਿਸੇ ਵੀ ਵਿਆਹ ਸਓਦੀ ਤੇ ਉਸ ਨੂੰ ਧੀਆਂ ਆਲਾ ਮਾਣ ਨਹੀ ਦਿੱਤਾ।ਕਾਰਣ ਚਾਹੇ ਕੁਝ ਵੀ ਸੀ। ਮਾਵਾਂ ਧੀਆਂ ਮਿਲਣ ਨੂੰ ਵੀ ਤਰਸਦੀਆਂ ਸਨ।ਹਰ ਵਿਆਹ ਤੇ ਧੀ ਅਤੇ ਉਸਦੇ ਪਰਿਵਾਰ ਨੂੰ ਨਾ ਵੇਖਕੇ ਬੀਜੀ ਦੇ ਦਿਲ ਨੂੰ ਹੌਲ ਪੈਂਦੇ।ਉਹ ਡਰਦੀ ਬੋਲਦੀ ਕੁਝ ਨਾ ਪਰ ਅੰਦਰੋ ਅੰਦਰੀ ਕੁਲਝਦੀ ਰਹਿੰਦੀ। ਕਈ ਵਾਰੀ ਬੀਜੀ ਦਾ ਧੀ ਕੋਲੇ ਚਾਰ ਦਿਨ ਲਾਉਣ ਨੂੰ ਦਿਲ ਕਰਦਾ ਪਰ ਜੀਜਾ ਜੀ ਦੇ ਸੁਭਾਅ ਕਰਕੇ ਉਹ ਚੁੱਪ ਕਰ ਜਾਂਦੇ। ਵੱਡੇ ਵੀਰ ਜੀ ਤੇ ਵੱਡੀ ਦੀਦੀ ਸਾਨੂੰ ਸਾਰਿਆਂ ਨੂੰ ਆਪਣੇ ਬੰਧਣ ਵਿੱਚ ਰੱਖਦੇ ਸਨ।ਉਹ ਸਾਡੇ ਕਿਸੇ ਦੇ ਵੀ ਦੀਦੀ ਨੂੰ ਫੋਨ ਕਰਣ ਤੇ ਖਿੱਝਦੇ।ਅਸੀ ਵੱਡੇ ਵੀਰ ਜੀ ਤੋਂ ਬਿਨਾ ਪੁੱਛੇ ਦੀਦੀ ਨਾਲ ਕੋਈ ਗੱਲ ਵੀ ਨਹੀ ਸੀ ਕਰ ਸਕਦੇ। ਵਿਚਾਲੜੇ ਵੀਰ ਜੀ ਦਾ ਵੀ ਤਾਂ ਇਹੀ ਹਾਲ ਸੀ।

ਹੁਣ ਵੱਡੇ ਵੀਰ ਜੀ ਦੀ ਚਿੰਤਾ ਵੀ ਜਾਇਜ ਸੀ। ਐਫ ਡੀਆਂ ਤੜਵਾਉਣ ਲਈ ਦੀਦੀ ਦੀ ਲੋੜ ਪੈਣੀ ਸੀ ਤੇ ਦੀਦੀ ਨੂੰ ਕਹਿਣਾ ਸੋਖਾ ਨਹੀ ਸੀ। ਵੱਡੇ ਵੀਰ ਜੀ ਨੇ ਤਾਂ ਦੀਦੀ ਨੂੰ ਆਪਣੇ ਘਰ ਆਉਣ ਤੋ ਹੀ ਵਰਜ ਦਿੱਤਾ ਸੀ।ਮਾਂਵਾਂ ਧੀਆਂ ਦੀ ਫੋਨ ਵਾਰਤਾ ਤੌਂ ਦੁਖੀ ਹੋ ਕੇ ਉਸ ਨੇ ਆਪਣਾ ਲੈਂਡ ਲਾਈਨ ਨੰਬਰ ਵੀ ਕਟਵਾ ਦਿੱਤਾ ਸੀ। ਇਹਨਾ ਨੇ ਵੀ ਤਾਂ ਦੀਦੀ ਨੂੰ ਬਹੁਤ ਚੰਗਾ ਮੰਦਾ ਬੋਲਿਆ ਸੀ। ਵਿਚਾਲੜੇ ਵੀਰ ਜੀ ਨੇ ਵੀ ਦੀਦੀ ਨਾਲ ਕੋਈ ਘੱਟ ਨਹੀ ਸੀ ਕੀਤੀ।ਬਹੁਤ ਤਾਨੇ ਮਿਹਣੇ ਦਿੱਤੇ ਸਨ । ਸੋ ਬੀਜੀ ਦੇ ਜਾਣ ਤੌਂ ਮਗਰੋ ਕਈ ਦਿਨ ਤੱਕ ਵੱਡੇ ਵੀਰ ਜੀ ਸੰਦੂਕੜੀ ਖੋਲਣ ਤੋਂ ਘੇਸਲ ਜਿਹੀ ਵੱਟਦੇ ਰਹੇ ਕਿਉਕਿ ਉਹਨਾ ਨੂੰ ਅੰਦਰੋ ਆਪਣਾ ਡਰ ਸਤਾਉਂਦਾ ਸੀ।

ਇੱਕ ਦੋ ਵਾਰੀ ਸੰਦੂਕੜੀ ਖੋਲਣ ਦਾ ਪ੍ਰੋਗਰਾਮ ਵੀ ਬਣਿਆ ਪਰ ਐਨ ਮੌਕੇ ਤੇ ਆਕੇ ਬਦਲ ਗਿਆ। ਗੱਲ ਦੀਦੀ ਨੂੰ ਦੱਸਣ ਜਾ ਨਾ ਦੱਸਣ ਤੇ ਆਕੇ ਅਟਕ ਜਾਂਦੀ । ਦੱਸਣਾ ਵੀ ਪੈਣਾ ਸੀ ਕਿਉਂਕਿ ਦੀਦੀ ਦੀ ਬੈਕ ਵਿੱਚ ਹਾਜਓਰੀ ਜਰੂਰੀ ਸੀ। ਤੇ ਜੇ ਦੱਸੇ ਤਾਂ ਕੌਣ ਦੱਸੇ। ਪਤਾ ਸੀ ਕਿ ਦੀਦੀ ਅੱਗੋਂ ਧਨੇਸੜੀ ਦੇਊ। ਇੱਕ ਦੀਆਂ ਦੱਸ ਸਣਾਊ।ਵੈਸੇ ਵੱਡੇ ਵੀਰ ਜੀ ਪੋਲਾ ਜਿਹਾ ਮੂੰਹ ਬਣਾਕੇ ਸਾਊ ਜਿਹੇ ਬਣਕੇ ਗੱਲ ਕਰਨ ਦੇ ਮਾਹਿਰ ਹਨ ਉਹ ਗੱਲ ਕਰ ਵੀ ਲੈਂਦੇ ਪਰ ਉਹਨਾ ਨੂੰ ਵੱਡੀ ਦੀਦੀ ਨੇ ਰੋਕ ਦਿੱਤਾ ਅਖੇ ਭੈਣ ਨੇ ਗਲਤ ਬੋਲਣਾ ਹੈ ਤੇ ਤੁਹਾਡਾ ਬਲੱਡ ਵੱਧ ਜਾਣਾ ਹੇ ਤੁਸੀ ਬੀਮਾਰ ਹੋਜੋਗੇ।ਤੁਸੀ ਚਹਿਣ ਹੀ ਦਿਉ ਦੀਦੀ ਨਾਲ ਗੱਲ ਕਰਨ ਨੂੰ।ਤੇ ਵੱਡੇ ਵੀਰ ਜੀ ਨੇ ਵੱਡੀ ਦੀਦੀ ਦਾ ਹੁਕਮ ਮੰਨ ਲਿਆ।

ਫਿਰ ਵੱਡੇ ਵੀਰਜੀ ਨੇ ਵਿਚਾਲੜੇ ਵੀਰ ਜੀ ਦੀ ਡਿਊਟੀ ਲਾ ਦਿੱਤੀ ਗੱਲ ਕਰਨ ਦੀ। ਖੈਰ ਉਸ ਨੇ ਦੀਦੀ ਨਾਲ ਗੋਲ ਮੋਲ ਜਿਹੀ ਗੱਲ ਕੀਤੀ ਤੇ ਸੰਦੂਕੜੀ ਆਲੀ ਗੱਲ ਦਾ ਜਿਕਰ ਵੀ ਕਰ ਦਿੱਤਾ। ਦੀਦੀ ਨੇ ਬਹੁਤਾ ਹਾਂ ਪੱਖੀ ਹੁੰਗਾਰਾ ਨਹੀ ਭਰਿਆ। ਤੇ ਕੋਈ ਨਾ ਗੱਲ ਕਰਾਂਗੇ ਕਹਿਕੇ ਫੋਨ ਕੱਟ ਦਿੱਤਾ। ਸਾਨੂੰ ਕਿਸੇ ਗੱਲ ਸਿਰ ਪੱਤਣ ਲੱਗਦੀ ਨਾ ਲੱਗੀ ਤੇ ਵੱਡੇ ਵੀਰ ਜੀ ਦੀ ਚਿੰਤਾ ਹੋਰ ਵੱਧ ਗਈ।

ਆਖਿਰ ਬੀਜੀ ਦੀ ਸੰਦੂਕੜੀ ਨੂੰ ਤਿੰਨਾ ਭਰਾਵਾਂ ਨੇ ਖੋਲ ਹੀ ਲਿਆ । ਅਸੀ ਤਿੰਨੇ ਦਰਾਣੀਆਂ ਜੇਠਾਣੀਆਂ ਮੌਕੇ ਤੇ ਹਾਜਰ ਹੀ ਸੀ।ਚਾਹੇ ਕੋਈ ਬਹੁਤਾ ਉਤਾਵਲਾਪਣ ਨਹੀ ਸੀ ਪਰ ਕੀ ਹੈ ਦੇਖਣ ਦੀ ਤਾਂਘ ਜਿਹੀ ਜਰੂਰ ਸੀ। ਸੰਦੂਕੜੀ ਵਿੱਚ ਬੀਜੀ ਨੂੰ ਲੈਣ ਦੇਣ ਵਿੱਚ ਮਿਲੇ ਸੂਟ, ਅਣਲੱਗ ਸਓਲ ਤੇ ਮੋਮੀ ਕਾਗਜ ਵਿੱਚ ਲਪੇਟੀ ਕੁਝ ਨਕਦੀ ਤੌਂ ਇਲਾਵਾ ਇੱਕ ਰੁਮਾਲੀ ਚ ਬੰਨੀਆਂ ਕੁਝ ਕੁ ਟੂਮਾਂ ,ਇੱਕ ਮਟਰਮਾਲਾ, ਦੋ ਛਾਪਾਂ, ਵੱਡੇ ਵੱਡੇ ਤੁੰਗਲ ਇੱਕ ਜੋੜੀ ਨਵੇ ਅਣਲੱਗ ਟੋਪਸ ਤੇ ਟੁੱਟੀਆਂ ਹੋਈਆਂ ਵਾਲੀਆਂ ਹੀ ਸਨ। ਕੋਈ ਅੰਦਾਜਣ ਪੰਜ ਛੇ ਤੋਲੇ ਸੋਨਾ ਤਾਂ ਹੋਵੇਗਾ ਹੀ। ਪਲਾਸਟਿਕ ਦੇ ਲਿਫਾਫੇ ਵਿੱਚ ਤਹਿ ਕਰਕੇ ਰੱਖੀਆਂ ਐਫ ਡੀਆਂ ਸਨ। ਇਹ ਸਾਰੇ ਭਰਾ ਜੋਰ ਜੋਰ ਦੀ ਹੱਸ ਰਹੇ ਸਨ। ਅਖੇ ਖੋਦਿਆ ਪਹਾੜ ਨਿੱਕਲੀ ਚੂਹੀਆ ਵਾਲੀ ਗੱਲ ਹੋ ਗਈ ਆਪਣੇ ਨਾਲ । ਫਿਰ ਮੈ ਦੇਖਿਆ ਇੱਕ ਹੋਰ ਲਿਫਾਫਾ ਪਿਆ ਸੀ ਖਾਕੀ ਕਾਗਜ ਦਾ । ਖੋਲਕੇ ਵੇਖਿਆ ਤਾਂ ਉਸ ਵਿੱਚ ਦੀਦੀ ਦੀ ਬੀਜੀ ਨਾਲ ਇੱਕ ਫੋਟੋ ਸੀ ਨਿੱਕੀ ਹੁੰਦੀ ਦੀ। ਦੀਦੀ ਨੂੰ ਬੀਜੀ ਨੇ ਕੁੱਛੜ ਚੁੱਕਿਆ ਹੋਇਆ ਸੀ। ਬੀਜੀ ਸਾਇਦ ਦੀਦੀ ਦੀ ਇਹ ਫੋਟੋ ਵੇਖ ਕੇ ਹੀ ਦਿਲ ਰਾਜੀ ਕਰਦੇ ਹੋਣਗੇ। ਜਦੋ ਕਦੇ ਬੀਜੀ ਦਾ ਦੀਦੀ ਨੂੰ ਮਿਲਣ ਦਾ ਦਿਲ ਕਰਦਾ ਹੋਵੇਗਾ ਬੀਜੀ ਇਸ ਫੋਟੋ ਨਾਲ ਹੀ ਗੱਲਾਂ ਮਾਰਕੇ ਹੀ ਸਾਰ ਲੈਂਦੇ ਹੋਣਗੇ।ਹਾਂ ਇੱਕ ਪੁਰਾਣੀ ਲੋਈ ਵੀ ਪਈ ਸੀ ਜੋ ਪਿਤਾ ਜੀ ਦੀ ਲੱਗਦੀ ਸੀ ਬੀਜੀ ਨੇ ਨਿਸਓਨੀ ਦੇ ਰੂਪ ਵਿੱਚ ਸੰਭਾਲ ਕੇ ਰੱਖੀ ਲੱਗਦੀ ਸੀ। ਮੈਨੂੰ ਲੱਗਿਆ ਬੀਜੀ ਦਾ ਅਸਲੀ ਖਜਾਨਾ ਸੋਨਾ ਨਕਦੀ ਐਫ ਡੀਆਂ ਨਹੀ ਸਗੋ ਦੀਦੀ ਦੀ ਫੋਟੋ ਸੀ ਜਿਸ ਨਾਲ ਬੀਜੀ ਵੇਲੇ ਕੁਵੇਲੇ ਗੱਲਾਂ ਕਰਕੇ ਮਨ ਹੋਲਾ ਕਰਦੇ ਸੀ। ਜਾ ਉਹ ਪੁਰਾਣੀ ਲੋਈ ਸੀ ਜਿਸ ਨਾਲ ਪਿਤਾ ਜੀ ਦੀਆਂ ਗੱਲਾਂ ਕਰਕੇ ਆਪਣੇ ਸੁਨਿਹਰੀ ਦਿਨਾਂ ਨੂੰ ਯਾਦ ਕਰਦੇ ਹੋਣਗੇ ਤੇ ਪਿਤਾ ਜੀ ਨੂੰ ਵੀ ਉਲਾਂਭੇ ਦਿੰਦੇ ਹੋਣਗੇ। ਬੀਜੀ ਦੀ ਧੀ ਨਾਲ ਫੋਟੇ ਤੇ ਧੀ ਪ੍ਰਤੀ ਪਿਆਰ ਦੇਖਕੇ ਮੈਨੂੰ ਵੀ ਮੇਰੀ ਮੀਲਾਂ ਦੂਰ ਬੈਠੀ ਧੀ ਦਾ ਖਿਆਲ ਆ ਗਿਆ।ਮਾਂਵਾਂ ਨੂੰ ਧੀਆਂ ਕਿੰਨੀਆਂ ਪਿਆਰੀਆਂ ਹੁੰਦੀਆਂ ਹਨ।ਪੁੱਤਾਂ ਲਈ ਤਾਂ ਬੱਸ ਸੋਨਾ ਤੇ ਨਕਦੀ ਹੀ ਖਜਾਨਾ ਹੁੰਦਾ ਹੈ ਪਰ ਮੈਨੂੰ ਮਾਂ ਧੀ ਦੀ ਫੋਟੋ ਹੀ ਬੀਜੀ ਦਾ ਅਸਲੀ ਖਜਾਨਾ ਲੱਗਿਆ ਜਿਸ ਧੀ ਵਲੋ ਕਲਪਦੀ ਬੀਜੀ ਇਸ ਸੰਸਾਰ ਤੋਂ ਰੁਖਸਤ ਹੋ ਗਈ। ਮੇਰਾ ਧਿਆਨ ਹੁਣ ਬੀਜੀ ਦੇ ਸੋਨੇ ਨਕਦੀ ਵੱਲ ਨਹੀ ਸਗੋਂ ਆਪਣੀ ਧੀ ਵੱਲ ਸੀ।ਜੋ ਮੇਰਾ ਖਜਾਨਾ ਸੀ।



**ਰਮੇਸ ਸੇਠੀ ਬਾਦਲ**
ਮੋ 98 766 27 233

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com